Fair Advice Financial | Care WEALTH MANAGEMENT INC.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit punjabipost.ca/epaper | Vol 20* Issue 224 | Monday, November 15, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ


# ਸਕਿਊਰਿਟੀ ਮਾਹਿਰਾਂ ਵੱਲੋਂ ਸਰਕਾਰ ਨੂੰ 5ਜੀ ਮੁਬਾਈਲ ਨੈੱਟਵਰਕ ਤੋਂ ਹੁਆਵੇ ਨੂੰ ਪਾਸੇ ਰੱਖਣ ਦੀ ਸਲਾਹ




ਓਟਵਾ, 14 ਨਵੰਬਰ (ਪੋਸਟ ਬਿਊਰੋ) : ਲਿਬਰਲ ਸਰਕਾਰ ਵੱਲੋਂ ਨੈਕਸਟ ਜੈਨਰੇਸ਼ਨ ਮੋਬਾਈਲ ਨੈੱਟਵਰਕਸ ਬਾਰੇ ਆਪਣੀ ਨੀਤੀ ਦਾ ਖੁਲਾਸਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਅਜਿਹੇ ਵਿੱਚ ਗਲੋਬਲ ਸਕਿਊਰਿਟੀ ਮਾਹਿਰਾਂ ਦਾ ਕਹਿਣਾ ਹੈ ਕਿ ਸਾਰੇ ਸੰਕੇਤ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਸਰਕਾਰ ਵੱਲੋਂ ਚੀਨੀ ਵੈਂਡਰ ਹੁਆਵੇ ਟੈਕਨਾਲੋਜੀਜ਼ ਨੂੰ ਆਪਣੇ ਇਸ ਨੈੱਟਵਰਕ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ।

5ਜੀ, ਜਾਂ ਫਿਫਥ ਜੈਨਰੇਸ਼ਨ ਨੈੱਟਵਰਕਸ ਨਾਲ ਲੋਕਾਂ ਨੂੰ ਆਨਲਾਈਨ ਕੁਨੈਕਸ਼ਨਜ਼ ਤੇਜ਼ੀ ਨਾਲ ਮਿਲਣਗੇ ਤੇ ਇੰਟਰਨੈੱਟ ਨਾਲ ਸਬੰਧਤ ਲੋਕਾਂ ਦੀ ਵੱਖ ਵੱਖ ਤਰ੍ਹਾਂ ਦੀ ਮੰਗ ਤੇਜ਼ੀ ਨਾਲ ਪੂਰੀ ਹੋ ਸਕੇਗੀ। ਇਸ ਦੇ ਨਾਲ ਹੀ ਵਰਚੂਅਲ ਰਿਐਲਿਟੀ, ਗੇਮਿੰਗ ਤੇ ਡਰਾਈਵਰ ਤੋਂ ਬਿਨਾਂ ਚੱਲਣ ਵਾਲੀਆਂ ਗੱਡੀਆਂ ਦਾ ਸੁਪਨਾ ਹਕੀਕਤ ਵਜੋਂ ਸਾਕਾਰ ਹੋ ਸਕੇਗਾ।

ਕੰਜ਼ਰਵੇਟਿਵਾਂ ਵੱਲੋਂ ਲੰਮੇਂ ਸਮੇਂ ਤੋਂ ਲਿਬਰਲਾਂ ਤੋਂ ਇਹ ਮੰਗ ਕੀਤੀ ਜਾ ਰਹੀ ਹੈ ਕਿ ਉਹ ਦੇਸ਼ ਦੇ 5ਜੀ ਇਨਫਰਾਸਟ੍ਰਕਚਰ ਦੇ ਨਿਰਮਾਣ ਵਿੱਚ ਹੁਆਵੇ ਨੂੰ ਕੋਈ ਭੂਮਿਕਾ ਨਾ ਨਿਭਾਉਣ ਦੇਣ। ਕੰਜ਼ਰਵੇਟਿਵਾਂ ਦਾ ਕਹਿਣਾ ਹੈ ਕਿ ਇਸ ਨਾਲ ਚੀਨ ਨੂੰ ਬੜੀ ਸਹਿਜਤਾ ਨਾਲ ਕੈਨੇਡੀਅਨਜ਼ ਉੱਤੇ ਜਾਸੂਸੀ ਕਰਨ ਵਾਸਤੇ ਰਾਹ ਪੱਧਰਾ ਹੋ ਜਾਵੇਗਾ।

...ਬਾਕੀ ਪੰਨਾ 5 'ਤੇ


Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6


# ਬਿੱਲ 124 ਦੇ ਖਿਲਾਫ ਓਨਟਾਰੀਓ ਦੀਆਂ ਨਰਸਾਂ ਨੇ ਕੀਤੀ ਰੈਲੀ




ਓਨਟਾਰੀਓ, 14 ਨਵੰਬਰ (ਪੋਸਟ ਬਿਊਰੋ) : ਬਿੱਲ 124 ਦਾ ਵਿਰੋਧ ਕਰਨ ਲਈ ਐਤਵਾਰ ਨੂੰ ਪ੍ਰੋਵਿੰਸ ਭਰ ਤੋਂ ਨਰਸਾਂ ਨੇ ਨਥਾਨ ਫਿਲਿਪ ਸਕੁਏਅਰ ਉੱਤੇ ਰੈਲੀ ਕੀਤੀ। ਇਸ ਬਿੱਲ ਰਾਹੀਂ ਪਬਲਿਕ ਸੈਕਟਰ ਵਰਕਰਜ਼, ਜਿਨ੍ਹਾਂ ਵਿੱਚ ਨਰਸਾਂ, ਅਧਿਆਪਕ ਤੇ ਫਾਰਮਾਸਿਸਟਸ ਸ਼ਾਮਲ ਹਨ, ਦੇ ਭੱਤਿਆਂ ਵਿੱਚ ਹੋਣ ਵਾਲਾ ਵਾਧਾ ਸਿਰਫ ਇੱਕ ਫੀ ਸਦੀ ਤੱਕ ਸੀਮਤ ਕੀਤਾ ਗਿਆ ਹੈ।

ਇਸ ਰੈਲੀ ਦੇ ਆਯੋਜਕਾਂ ਵਿੱਚੋਂ ਇੱਕ ਰਜਿਸਟਰਡ ਨਰਸਿਜ਼ ਐਸੋਸਿਏਸ਼ਨ ਆਫ ਓਨਟਾਰੀਓ ਵੱਲੋਂ ਫੋਰਡ ਸਰਕਾਰ ਤੋਂ ਇਸ ਬਿੱਲ ਨੂੰ ਖਾਰਜ ਕਰਨ ਦੀ ਮੰਗ ਕੀਤੀ ਗਈ। ਨਰਸਾਂ ਨੇ ਆਖਿਆ ਕਿ ਇਹ ਬਿੱਲ ਸਾਡੇ ਕਿੱਤੇ ਨੂੰ ਅਤੇ ਸਾਨੂੰ ਨਿਰਉਤਸਾਹਿਤ ਤੇ ਨਜ਼ਰਅੰਦਾਜ ਕਰਦਾ ਹੈ ਤੇ ਇਸ ਕਾਰਨ ਨਰਸਿੰਗ ਪ੍ਰੋਫੈਸ਼ਨਲਜ਼ ਨਾਲ ਜੁੜੀਆਂ ਨਰਸਾਂ ਇਸ ਕਿੱਤੇ ਤੋਂ ਪਲਾਇਨ ਕਰ ਰਹੀਆਂ ਹਨ। ਇਹ ਵੀ ਦਾਅਵਾ ਕੀਤਾ ਗਿਆ ਕਿ ਪ੍ਰੋਵਿੰਸ ਵਿੱਚ ਪਹਿਲਾਂ ਹੀ ਨਰਸਾਂ ਦਾ ਸੰਕਟ ਚੱਲ ਰਿਹਾ ਹੈ ਤੇ ਕੋਵਿਡ-19 ਮਹਾਂਮਾਰੀ ਕਾਰਨ ਇਹ ਹੋਰ ਵੀ ਬਦਤਰ ਹੋ ਗਿਆ ਹੈ।

ਰੈਲੀ ਪ੍ਰਬੰਧਕਾਂ ਵਿੱਚੋਂ ਇੱਕ ਰਜਿਸਟਰਡ ਨਰਸ ਲੀਆਹ ਵੈਕਸਮੈਨ ਨੇ ਆਖਿਆ ਕਿ ਜੇ ਹਾਲਾਤ ਇਹੋ ਜਿਹੇ ਹੀ ਰਹੇ ਤੇ ਸਟਾਫ ਸਬੰਧੀ ਚੁਣੌਤੀਆਂ ਇਸੇ ਤਰ੍ਹਾਂ ਵੱਧਦੀਆਂ ਰਹੀਆਂ ਤਾਂ ਹੈਲਥ ਕੇਅਰ ਖਤਰੇ ਵਿੱਚ ਪੈਣ ਦੀ ਨੌਬਤ ਆ ਜਾਵੇਗੀ। ਆਰਐਨਏਓ ਦੀ ਸੀਈਓ ਡਾ• ਡੌਰਿਸ ਗ੍ਰਿਨਸਪਨ ਨੇ ਆਖਿਆ ਕਿ ਪਿਛਲੇ 22 ਮਹੀਨਿਆਂ ਤੋਂ ਨਰਸਾਂ ਨੇ ਆਪਣੀਆਂ ਤੇ ਆਪਣੇ ਪਰਿਵਾਰਾਂ ਦੀਆਂ ਜ਼ਿੰਦਗੀਆਂ ਦੀ ਪਰਵਾਹ ਕੀਤੇ ਬਿਨਾਂ ਨਿਸਵਾਰਥ ਢੰਗ ਨਾਲ ਲੋਕਾਂ ਦੀ ਅਣਥੱਕ ਸੇਵਾ ਕੀਤੀ ਹੈ ਪਰ ਬਦਲੇ ਵਿੱਚ ਉਨ੍ਹਾਂ ਨੂੰ ਕੀ ਮਿਲਿਆ? ਉਨ੍ਹਾਂ ਦੇ ਮੂੰਹਾਂ ਉੱਤੇ ਚਪੇੜ ਪੈ ਰਹੀ ਹੈ।

ਇਸ ਮੌਕੇ ਰਜਿਸਟਰਡ ਨਰਸ ਨੈਂਸੀ ਹਲੂਪਾ ਨੇ ਆਖਿਆ ਕਿ ਇੱਕ ਦਿਨ ਤੁਸੀਂ ਸਾਨੂੰ ਹੀਰੋ ਦੱਸਦੇ ਹੋਂ ਤੇ ਦੂਜੇ ਪਾਸੇ ਅਜਿਹੇ ਬਿੱਲ ਪਾਸ ਕਰਕੇ ਸਾਨੂੰ ਗੁਜ਼ਾਰੇ ਲਾਇਕ ਭੱਤੇ ਦੇਣ ਤੋਂ ਵੀ ਇਨਕਾਰ ਕੀਤਾ ਜਾ ਰਿਹਾ ਹੈ ਸਗੋਂ ਸਾਡੇ ਭੱਤਿਆਂ ਵਿੱਚ ਵਾਧੇ ਨੂੰ ਸੀਮਤ ਕਰ ਦਿੱਤਾ ਗਿਆ ਹੈ। ਆਰਐਨਏਓ ਦੀ ਪ੍ਰਧਾਨ ਮੌਰਗਨ ਹੌਫਰਥ ਨੇ ਆਖਿਆ ਕਿ ਅੰਕੜੇ ਦੱਸਦੇ ਹਨ ਕਿ ਓਨਟਾਰੀਓ ਵਿੱਚ ਨਰਸਾਂ ਦੀਆਂ ਖਾਲੀ ਅਸਾਮੀਆਂ ਪਿਛਲੇ ਪੰਜ ਸਾਲਾਂ ਵਿੱਚ ਵੱਧ ਕੇ ਚੌਗੁਣੀਆਂ ਹੋ ਗਈਆਂ ਹਨ। 2021 ਦੇ ਪਹਿਲੇ ਅੱਧ ਵਿੱਚ ਇਨ੍ਹਾਂ ਖਾਲੀ ਅਸਾਮੀਆਂ ਵਿੱਚ 56 ਫੀ ਸਦੀ ਵਾਧਾ ਹੋਇਆ ਹੈ।


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com


# ਕੈਪਟਨ ਅਮਰਿੰਦਰ ਨੇ ਕਾਂਗਰਸ ਵਿੱਚ ਵਾਪਸੀ ਦੇ ਚਰਚੇ ਮੁੱਢੋਂ ਨਕਾਰੇ

## * ਪ੍ਰਨੀਤ ਕੌਰ ਦੀ ਮੁੱਖ ਮੰਤਰੀ ਚੰਨੀ ਨਾਲ ਬੈਠਕ ਤੋਂ ਛਿੜੇ ਸਨ ਚਰਚੇ



ਚੰਡੀਗੜ੍ਹ, 14 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਜਿਹੜੇ ਪਿਛਲੇ ਦਿਨੀਂ ਕਾਂਗਰਸ ਪਾਰਟੀ ਛੱਡ ਕੇ 'ਪੰਜਾਬ ਲੋਕ ਕਾਂਗਰਸ' ਨਾਂਅ ਦੀ ਪਾਰਟੀ ਬਣਾ ਚੁੱਕੇ ਹਨ, ਨੇ ਅੱਜ ਐਤਵਾਰ ਪੰਜਾਬ ਸਰਕਾਰ ਦੇ ਇੱਕ ਮੰਤਰੀ ਵੱਲੋਂ ਕੀਤੇ ਦਾਅਵੇ ਨੂੰ ਸਿਰੇ ਤੋਂ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਉਹ ਕਾਂਗਰਸ ਵੱਲ ਮੁੜ ਕੇ ਨਹੀਂ ਆਉਣਗੇ। ਮੰਤਰੀ ਡਾਕਟਰ ਰਾਜ ਕੁਮਾਰ ਨੇ ਕਿਹਾ ਸੀ ਕਿ ਕਾਂਗਰਸ ਦੀ ਅੰਤ੍ਰਿਮ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੂੰ ਮਿਲਣ ਦੇ ਬਾਅਦ ਕੈਪਟਨ ਅਮਰਿੰਦਰ ਸਿੰਘ ਪਾਰਟੀ ਵਿੱਚਵਾਪਸ ਆ ਜਾਣਗੇ।

ਅਸਲ ਵਿੱਚ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੀ ਮੈਂਬਰ ਪਾਰਲੀਮੈਂਟਪਤਨੀ ਪ੍ਰਨੀਤ ਕੌਰ ਨੇਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਅੱਜ ਇੱਕ ਬੈਠਕ ਕੀਤੀ ਤਾਂ ਚਰਚੇ ਚੱਲ ਪਏ ਸਨ ਕਿ ਕੈਪਟਨ ਅਮਰਿੰਦਰ ਸਿੰਘ ਕਾਂਗਰਸ ਵੱਲਮੁੜ ਸਕਦੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਜ਼ੋਰ ਨਾਲ ਕਿਹਾ ਕਿ 'ਇਹ ਗਲਤ ਤੇ ਸ਼ਰਾਰਤੀ ਧਾਰਨਾਵਾਂ ਜ਼ਾਹਰ ਤੌਰ ਉੱਤੇ ਕਿਸੇ ਨੇ ਫੈਲਾਈਆਂ ਹਨ।' ਉਨ੍ਹਾ ਕਿਹਾ ਕਿ ਉਹ ਆਪਣੀ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਅੰਤਿਮ ਛੋਹਾਂ ਦੇਂਦੇ ਪਏ ਹਨ।ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਅਸੀਂ ਚੋਣ ਕਮਿ-ਸ਼ਨ ਵੱਲੋਂ ਆਪਣੀ ਪਾਰਟੀ'ਪੰਜਾਬ ਲੋਕ ਕਾਂਗਰਸ' ਦੀ ਰਜਿਸਟ੍ਰੇਸ਼ਨ ਅਤੇ ਪਾਰਟੀ ਚਿੰਨ੍ਹ ਦੀ ਅਲਾਟਮੈਂਟ ਦੀ ਉਡੀਕ ਕਰ ਰਹੇ ਹਾਂ।'

...ਬਾਕੀ ਪੰਨਾ 5 'ਤੇ

# ਛੁਰੇਬਾਜ਼ੀ ਦੀ ਘਟਨਾ ਵਿੱਚ ਦੋ ਜ਼ਖ਼ਮੀ




ਸਕਾਰਬਰੋ, 14 ਨਵੰਬਰ (ਪੋਸਟ ਬਿਊਰੋ) : ਸਕਾਰਬਰੋ ਵਿੱਚ ਸਵੇਰੇ ਤੜ੍ਹਕਸਾਰ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਦੋ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਹ ਘਟਨਾ ਐਗਲਿੰਟਨ ਈਸਟ ਤੇ ਮਾਰਖਮ ਰੋਡ ਉੱਤੇ ਸਵੇਰੇ 4:00 ਵਜੇ ਵਾਪਰੀ। ਦੋ ਵਿਅਕਤੀਆਂ ਨੂੰ ਉਦੋਂ ਨੇੜਲੇ ਟਰੌਮਾ ਸੈਂਟਰ ਲਿਜਾਇਆ ਗਿਆ। ਪੈਰਾਮੈਡਿਕਸ ਦਾ ਕਹਿਣਾ ਹੈ ਕਿ ਦੋਵੇਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਹਨ ਪਰ ਉਨ੍ਹਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ।

ਜਾਂਚਕਾਰਾਂ ਨੇ ਦੱਸਿਆ ਕਿ ਇਸ ਸਬੰਧ ਵਿੱਚ ਕਿਸੇ ਨੂੰ ਅਜੇ ਤੱਕ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਮਸ਼ਕੂਕ ਇਸ ਸਮੇਂ ਫਰਾਰ ਹਨ। ਪੁਲਿਸ ਵੱਲੋਂ ਅਜੇ ਮਸ਼ਕੂਕਾਂ ਬਾਰੇ ਕੋਈ ਹੋਰ ਵੇਰਵਾ ਵੀ ਜਾਰੀ ਨਹੀਂ ਕੀਤਾ ਗਿਆ।


INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations: Woodbridge, Mississauga, Scarborough
YES! Immigration
Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ
10-20% Discount
iccrc
Raj Narang
Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL
Insurance Advisor
- Disability Insurance
- Mortgage Insurance
- Life Insurance
- Visitor Insurance
- Travel Insurance
- RESP(Education Plan)
- Critical Illness Insurance

INSURANCE MART
INSURANCE COMPANY
- Life Insurance
- Critical Illness
- Disability
- Super Visa
- Home and Auto Insurance
Gurdip Gill
(647)767-6665
gurdipgill1@hotmail.ca

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Dubai Jewellers
2700 Northpark Drive
Unit #19, Brampton
Ontario L6S 0E9
North Park & Airport Major Intersection
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor


KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
1083
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਅਦਾਕਾਰ ਸੋਨੂੰ ਸੂਦ ਵੱਲੋਂ ਸਿਆਸਤ ਵਿੱਚ ਆਪਣੀ ਭੈਣ ਦੀ ਐਂਟਰੀ ਦਾ ਐਲਾਨ

ਮੋਗਾ, 14 ਨਵੰਬਰ, (ਪੋਸਟ ਬਿਊਰੋ)- ਕੋਰੋਨਾ ਦੀ ਮਹਾਮਾਰੀ ਦੌਰਾਨ ਲੋਕਾਂ ਲਈ ਮਸੀਹਾ ਬਣ ਕੇ ਉੱਭਰੇ ਐਕਟਰ ਸੋਨੂੰ ਸੂਦ ਨੇ ਅੱਜ ਆਪਣੀ ਭੈਣ ਮਾਲਵਿਕਾ ਸੂਦ ਸੱਚਰ ਦੇ ਸਿਆਸਤ ਵਿੱਚ ਆਉਣ ਦਾ ਸਿੱਧਾ ਐਲਾਨ ਕਰਦੇ ਹੋਏ ਕਿਹਾ ਕਿ ਉਹ ਅਗਲੇ ਸਾਲ ਹੋ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਮੋਗਾ ਤੋਂ ਉਮੀਦਵਾਰ ਹੋਵੇਗੀ। ਸੋਨੂੰ ਸੂਦ ਨੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਦੀ ਸੇਵਾ ਲਈ ਤਿਆਰ ਹਨ, ਪਰ ਇਹ ਫੈਸਲਾ ਅਜੇ ਕਰਨਾ ਹੈ ਕਿ ਚੋਣਾਂ ਤੋਂ ਪਹਿਲਾਂ ਕਿਸ ਪਾਰਟੀ ਵਿੱਚ ਸ਼ਾਮਲ ਹੋਣਾ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ 'ਸਹੀ ਸਮੇਂ ਉੱਤੇ ਸਾਹਮਣੇ ਆਵੇਗਾ'।

ਅੱਜ ਮੋਗਾ ਵਿੱਚ ਪ੍ਰੈਸ ਕਾਨਫਰੰਸ ਵਿੱਚਸੋਨੂੰ ਸੂਦ ਨੇ ਕਿਹਾ ਕਿ ਕਿ ਮਾਲਵਿਕਾ ਸੂਦ ਸੱਚਰ ਲੋਕਾਂ ਦੀ ਸੇਵਾ ਕਰਨ ਨੂੰ ਤਿਆਰ ਹੈ, ਪਰ ਅਜੇ ਇਹ ਤੈਅ ਨਹੀਂ ਕੀਤਾ ਕਿ ਉਹ ਕਿਸ ਪਾਰਟੀ ਵੱਲੋਂ ਚੋਣ ਲੜਨਗੇ। ਉਨ੍ਹਾਂ ਕਿਹਾ ਕਿ ਪਾਰਟੀ ਤੋਂ ਸੋਚ ਵੱਧ ਜ਼ਰੂਰੀ ਹੈ।ਉਨ੍ਹਾਂ ਨੇ ਵਾਅਦਾ ਕੀਤਾ ਕਿ ਮਾਲਵਿਕਾ ਲੋਕਾਂ ਵੱਲੋਂਦਿੱਤੇ ਮਾਣ ਉੱਤੇ ਖਰੀ ਉਤਰੇਗੀ। ਪੱਤਰਕਾਰਾਂ ਵੱਲੋਂ ਇਹ ਪੁੱਛੇ ਜਾਣ ਉੱਤੇ ਕਿ ਕੀ ਉਹ ਖੁਦ ਵੀ ਰਾਜਨੀਤੀ ਵਿਚ ਸ਼ਾਮਲ ਹੋਣਗੇ, ਸੂਦ ਨੇ ਕਿਹਾ ਕਿ ਇਸ ਵੇਲੇ ਪਹਿਲਾਂ ਮਾਲਵਿਕਾ ਦਾ ਸਮੱਰਥਨ ਕਰਨਾ ਮਹੱਤਵ ਪੂਰਨ ਹੈ, ਆਪਣੀਆਂ ਯੋਜਨਾਵਾਂ ਬਾਰੇਮੈਂ ਬਾਅਦ ਵਿੱਚ ਦੱਸਾਂਗਾ।



ਵਰਨਣ ਯੋਗ ਹੈ ਕਿ ਸੋਨੂਸੂਦ ਨੇ ਪਿੱਛੇ ਜਿਹੇਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਬੈਠਕ ਕੀਤੀ ਸੀ।ਉਨ੍ਹਾ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹਰ ਸਿਆਸੀ ਆਗੂ ਨੂੰ ਮਿਲਣ ਲਈ ਤਿਆਰ ਹਨ। ਇਸ ਮੌਕੇ ਸੋਨੂਸੂਦ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਤਾਰੀਫ਼ ਵੀ ਕੀਤੀ। ਆਪਣੀ ਭੈਣ ਦੇ ਚੋਣ ਲੜਨ ਦੇ ਐਲਾਨ ਕਰਨ ਮੌਕੇ ਸੋਨੂੰ ਸੂਦ ਨੇ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੋਵਾਂ ਦੀ ਕਾਰਜਸ਼ੈਲੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਮਾਲਵਿਕਾ ਤਿੰਨ ਸੂਤਰੀ ਫਾਰਮੂਲੇ ਸਿੱਖਿਆ, ਸਿਹਤ ਅਤੇ ਰੁਜ਼ਗਾਰ ਨਾਲ ਚੋਣ ਲੜੇਗੀ। ਉਨ੍ਹਾਂ ਦੱਸਿਆ ਕਿ ਸੂਦ ਫਾਊਂਡੇਸ਼ਨ ਟਰੱਸਟ ਰਾਹੀਂ ਮਾਲਵਿਕਾ ਸੂਦ ਪਹਿਲਾਂ ਵੀ ਲਗਾਤਾਰ ਸਮਾਜ ਸੇਵਾ ਕਰ ਰਹੀ ਹੈ, ਰਾਜਨੀਤੀਵਿੱਚ ਵੀ ਸੇਵਾ ਦਾ ਉਦੇਸ਼ ਲੈ ਕੇ ਆਵੇਗੀ।

REXDALE BODY SHOP
USED CAR SALE

CHEEMA
LOWEST PRICE IN TOWN
Towing Service Car Paint Starts $799* upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਰਜ਼ੀਆ ਸੁਲਤਾਨਾ ਦਾ ਪੀ ਏ ਬਣ ਕੇ ਠੱਗੀ : ਬੇਟੇ ਨੂੰ ਪਟਵਾਰੀ ਦੀ ਨੌਕਰੀ ਦਿਵਾਉਣਬਹਾਨੇ 4.50 ਲੱਖ ਠੱਗੇ

ਬਟਾਲਾ, 14 ਨਵੰਬਰ (ਪੋਸਟ ਬਿਊਰੋ)- ਆਪਣੇ ਆਪ ਨੂੰ ਪੰਜਾਬ ਦੀ ਕੈਬਨਿਟ ਮੰਤਰੀ ਰਜ਼ੀਆ ਸੁਲਤਾਨਾ ਦਾ ਪੀ ਏ ਦੱਸ ਕੇ ਕਿਸੇ ਲੜਕੀ ਦਾ ਸਹੁਰਿਆਂ ਨਾਲ ਚੱਲਦਾ ਮਸਲਾ ਹਲ ਕਰਾਉਣ ਤੇ ਫਿਰ ਉਸ ਦੇ ਬੇਟੇ ਨੂੰ ਪਟਵਾਰੀ ਦੀ ਨੌਕਰੀ ਦਿਵਾਉਣ ਦੇ ਨਾਮ ਉੱਤੇਇੱਕ ਜਾਅਲਸਾਜ਼ ਨੇ 4.50 ਲੱਖ ਰੁਪਏਠੱਗ ਲਏ।

ਏ ਐਸ ਆਈ ਗੁਰਪ੍ਰੀਤ ਸਿੰਘ ਦੇ ਮੁਤਾਬਕ ਪ੍ਰੇਮ ਸਿੰਘ ਪਿੰਡ ਸੀੜ੍ਹਾ ਨੇ ਦੱਸਿਆ ਕਿ ਉਸ ਦੀ ਲੜਕੀ ਜਲੰਧਰ ਦੇ ਨੇੜੇ ਇੱਕ ਪਿੰਡ ਵਿੱਚ ਵਿਆਹੀ ਸੀ ਤੇ ਸਹੁਰੇ ਪਰਵਾਰ ਵਾਲੇ ਉਸ ਨੂੰ ਤੰਗ ਕਰਦੇ ਸਨ। ਉਨ੍ਹਾਂ ਦੇ ਰਿਸ਼ਤੇਦਾਰ ਰਵਿੰਦਰ ਸਿੰਘ, ਜੋ ਅਕਸਰ ਦਰਬਾਰ ਸਾਹਿਬ ਅੰਮ੍ਰਿਤਸਰ ਜਾਂਦਾ ਹੈ, ਦਾ ਮੇਲ ਬਲਹਾਰ ਸਿੰਘ ਵਾਸੀ ਲਹਿਰਕਾ ਥਾਣਾ ਕਥੂਨੰਗਲ ਨਾਲ ਹੋ ਗਿਆ। ਬਲਹਾਰ ਸਿੰਘ ਨੇ ਜਦੋਂ ਰਵਿੰਦਰ ਨੂੰ ਇਹ ਦੱਸਿਆ ਕਿ ਉਹ ਮੰਤਰੀ ਰਜ਼ੀਆ ਸੁਲਤਾਨਾ ਦਾ ਪੀ ਏ ਹੈ ਤਾਂ ਅਸੀਂ ਲੜਕੀ ਦਾ ਮਾਮਲਾ ਹਲ ਕਰਾਉਣ ਲਈ ਬਲਹਾਰ ਸਿੰਘ ਨੂੰ ਕਿਹਾ। ਉਸ ਨੇ ਕਿਹਾ ਕਿ ਉਹ ਐਸ ਐਸ ਪੀ ਜਲੰਧਰ ਨਾਲ ਫ਼ੋਨ ਉੱਤੇ ਗੱਲ ਕਰਕੇ ਮਾਮਲਾ ਹੱਲ ਕਰਵਾ ਦੇਵੇਗਾ। ਫਿਰ ਬਲਹਾਰ ਸਿੰਘ ਉਸਦੇ ਬੇਟੇ ਬਾਰੇ ਪੁੱਛਣ ਲੱਗਾ ਅਤੇ ਉਸ ਨੇ ਕਿਹਾ ਕਿ ਉਹ ਮੰਤਰੀ ਨੂੰ ਕਹਿ ਉਸ ਨੂੰ ਪਟਵਾਰੀ ਲਗਵਾ ਦੇਵੇਗਾ, ਜਿਸ ਦੇ ਉਨ੍ਹਾਂ 9 ਲੱਖ ਰੁਪਏ ਦੇਣੇ ਹੋਣਗੇ। ਬੇਟੇ ਗੁਰਪ੍ਰੀਤ ਨੂੰ ਪਟਵਾਰੀ ਦੀ ਨੌਕਰੀ ਲਈ ਉਨ੍ਹਾਂ ਨੇ 4.50 ਲੱਖ ਰੁਪਏ ਦਾ ਚੈਕ ਬਲਹਾਰ ਸਿੰਘ ਦੇ ਨਾਮਕੱਟ ਕੇ ਉਸ ਨੂੰ ਦੇ ਦਿੱਤਾ। ਬਲਹਾਰ ਨੇ ਨਾ ਉਸਦੀ ਲੜਕੀ ਦੇ ਮਾਮਲੇ ਦਾ ਕੋਈ ਨਿਪਟਾਰਾ ਕਰਾਇਆ ਤੇ ਨਾ ਉਸਦੇ ਬੇਟੇ ਗੁਰਪ੍ਰੀਤ ਨੂੰ ਨੌਕਰੀ ਲਗਵਾ ਕੇ ਦਿੱਤੀ। ਇਸ ਦੇ ਬਾਅਦ ਉਨ੍ਹਾਂ ਨੇ ਪੁਲਸ ਨੂੰ ਸ਼ਿਕਾਇਤ ਕੀਤੀ।

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:
4 units 3 bedroom | 2 units 1 bedroom | 1 unit bachelor




For More Details Call: 416-970-5005/647-242-8667

Jas Toor
Sales Repersentative
Sutton Group-Realty Experts
Brokerage*
Jagdish Grewal
Sales Repersentative
President Realty Inc.
Brokerage*


## ਅੱਜ ਨਾਮਾ

ਸੋਨੂੰ ਸੂਦ ਵੀ ਬਣਿਆ ਪਿਆ ਚੋਣ ਮੁੱਦਾ,
ਐਧਰ ਜਾਣਾ ਕਿ ਔਧਰ ਨੂੰ ਜਾਊ ਮੀਆਂ।
ਕੇਜਰੀਵਾਲ ਤੋਂ ਚੰਨੀ ਤੱਕ ਲਾਉਣ ਗੇੜੇ,
ਚੱਕਰ ਕਈਆਂ ਦਾ ਇੰਜ ਲਵਾਊ ਮੀਆਂ।
ਅੰਦਰੋ-ਅੰਦਰ ਤਾਂ ਪਤਾ ਨਹੀਂ ਕੀ ਆਖੂ,
ਵਿਚਲੀ ਗੱਲ ਨਾ ਬਾਹਰ ਬਤਾਊ ਮੀਆਂ।
ਚਲਾਕੀ ਲੀਡਰਾਂ ਤੋਂ ਵੱਧ ਵਰਤਦਾ ਉਹ,
ਬੱਚੇ ਵਾਂਗ ਬਣ ਕੇ ਬਾਹਰ ਸਾਊ ਮੀਆਂ।
ਕੀਤੀ ਹਾਲੇ ਨਹੀਂ ਸ਼ੁਰੂ ਜਿਹੀ ਰਾਜਨੀਤੀ,
ਸਕਦਾ ਕਦੀ ਵੀ ਲੱਤ ਇਹ ਗੱਡ ਮੀਆਂ।
ਜਿੱਦਾਂ ਤਿਕੜਮ ਦੀ ਕਰੀ ਕਮਾਲ ਜਾਂਦਾ,
ਜਾਣਾ ਪਿੱਛੇ ਹਰ ਲੀਡਰ ਨੂੰ ਛੱਡ ਮੀਆਂ।

**ਤੀਸ ਮਾਰ ਖਾਂ**

# ਅਮਰੀਕੀ ਇਤਰਾਜ਼ ਲਾਂਭੇ ਕਰ ਕੇ ਰੂਸ ਵੱਲੋਂ ਭਾਰਤ ਨੂੰ ਐੱਸ-400 ਦੀ ਸਪਲਾਈ ਸ਼ੁਰੂ

ਨਵੀਂ ਦਿੱਲੀ, 14 ਨਵੰਬਰ, (ਪੋਸਟ ਬਿਊਰੋ)- ਰੂਸ ਨੇ ਭਾਰਤ ਨੂੰ ਐੱਸ-400 ਹਵਾਈ ਰੱਖਿਆਸਿਸਟਮ ਦੀ ਸਪਲਾਈ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਪਹਿਲਾਂਅਕਤੂਬਰ 2018ਵਿੱਚ ਅਮਰੀਕੀ ਇਤਰਾਜ਼ ਦੇ ਬਾਵਜੂਦ ਭਾਰਤ ਨੇ ਰੂਸ ਨਾਲ 35 ਹਜ਼ਾਰ ਕਰੋੜ ਰੁਪਏ ਦੀ ਲਾਗਤ ਨਾਲ ਪੰਜ ਮਿਜ਼ਾਈਲ ਸਿਸਟਮਲੈਣ ਦਾ ਸਮਝੌਤਾ ਕੀਤਾ ਸੀ।



ਅੱਜ ਐਤਵਾਰ ਨੂੰ ਰੂਸ ਦੇ ਫੈਡਰਲ ਸਰਵਿਸ ਫਾਰ ਮਿਲਟਰੀ-ਟੈਕਨੀਕਲ ਕੋਆਪਰੇਸ਼ਨ (ਐੱਫਐੱਸਐੱਮਟੀਸੀ) ਦੇ ਡਾਇਰੈਕਟਰ ਦਮਿਤਰੀ ਸ਼ੁਗੇਵ ਨੇ ਖਬਰ ਏਜੰਸੀ ਨੂੰ ਦੱਸਿਆ, 'ਐੱਸ-400 ਹਵਾਈ ਰੱਖਿਆਸਿਸਟਮ ਭਾਰਤ ਨੂੰ ਸਪਲਾਈ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਇਹ ਮਿਥੇ ਪ੍ਰੋਗਰਾਮ ਮੁਤਾਬਕ ਜਾਰੀ ਹੈ ਅਤੇ ਸਾਲ ਦੇ ਅੰਤ ਤਕ ਭਾਰਤ ਨੂੰ ਪਹਿਲੀ ਮਿਜ਼ਾਈਲ ਸਪਲਾਈ ਹੋ ਜਾਵੇਗੀ।' ਐੱਫਐੱਸਐੱਮਟੀਸੀ ਰੂਸ ਸਰਕਾਰ ਦਾ ਫੌਜੀ ਸਾਮਾਨ ਦੀ ਐਕਸਪੋਰਟ ਕਰਨ ਵਾਲਾ ਮੁੱਖ ਅਦਾਰਾ ਹੈ। ਐੱਸ-400 ਰੂਸ ਦਾ ਸਭ ਤੋਂ ਆਧੁਨਿਕ ਲੰਬੀ ਦੂਰ ਤੱਕ ਸਰਫੇਸ ਟੂ ਏਅਰ ਵਾਲਾ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦਾ ਡਿਫੈਂਸ ਸਿਸਟਮ ਮੰਨਿਆ ਜਾਂਦਾ ਹੈ। ਭਾਰਤ ਦੇ ਫੌਜੀਮਾਹਰਾਂ ਦੇ ਮੁਤਾਬਕ ਇਸ ਹਵਾਈ ਡਿਫੈਂਸ ਸਿਸਟਮ ਦੇ ਵੱਖ-ਵੱਖ ਹਿੱਸੇ ਸਮੁੰਦਰੀ ਤੇ ਹਵਾਈ ਰੂਟ ਰਾਹੀਂ ਭਾਰਤ ਪੁੱਜਣ ਲੱਗ ਪਏ ਹਨ ਤੇ ਸਭ ਤੋਂ ਪਹਿਲਾਂ ਉਸ ਨੂੰ ਪੱਛਮੀ ਸਰਹੱਦ ਨੇੜੇ ਲਾਇਆ ਜਾਵੇਗਾ, ਜਿੱਥੋਂ ਪਾਕਿਸਤਾਨ ਅਤੇ ਚੀਨ ਤੋਂ ਪੱਛਮੀ ਤੇ ਉੱਤਰੀ ਸਰਹੱਦ ਉੱਤੇ ਖ਼ਤਰਿਆਂ ਨਾਲ ਨਿਪਟਿਆ ਜਾ ਸਕੇਗਾ।ਭਾਰਤੀ ਫੌਜੀਆਂ ਨੂੰ ਰੂਸਵਿੱਚ ਇਸ ਦੀ ਸਿਖਲਾਈ ਦਿੱਤੀ ਗਈ ਹੈ।

ਭਾਰਤ ਨੂੰ ਰੂਸ ਤੋਂ ਮਿਲੇ ਇਸ ਮਿਜ਼ਾਈਲ ਸਿਸਟਮਤੋਂਚੀਨ ਅਤੇ ਪਾਕਿਸਤਾਨ ਕਿਉਂ ਚਿੰਤਤ ਹਨ, ਇਸ ਦਾ ਕਾਰਨ ਇਸ ਦੇ ਗੁਣ ਹਨ। ਇਸਦਾ ਪੂਰਾ ਨਾਮ-400 ਟ੍ਰੰਫ ਹੈ, ਜਿਹੜਾ ਜ਼ਮੀਨ ਤੋਂ ਹਵਾ ਵਿੱਚ ਮਾਰ ਲਈ ਦੁਨੀਆ ਦਾ ਸਭ ਤੋਂ ਖ਼ਤਰਨਾਕ ਹਥਿਆਰ ਕਿਹਾ ਜਾਂਦਾ ਹੈ। ਐੱਸ-400 ਦੁਸ਼ਮਣ ਦੇ ਹਵਾਈ ਹਮਲੇ ਰੋਕ ਸਕਦਾ ਹੈ।ਇਹ ਸਿਸਟਮ ਕਿਸੇ ਵੀ ਸੰਭਾਵਿਤ ਹਵਾਈ ਹਮਲੇ ਦਾ ਅਗੇਤਾ ਪਤਾ ਲਾ ਲੈਂਦਾ ਹੈ ਤੇ ਇਸ ਨਾਲ ਦੁਸ਼ਮਣ ਦੇ ਇਰਾਦੇ ਤੋਂ ਫ਼ੌਜ ਆਸਾਨੀ ਨਾਲ ਚੌਕਸ ਹੋ ਜਾਂਦੀ ਹੈ।ਇਹ ਮਿਜ਼ਾਈਲ ਸਿਸਟਮ ਇੱਕੋ ਸਮੇਂ 36 ਟਾਰਗੇਟਸ ਨੂੰ ਨਿਸ਼ਾਨਾ ਬਣਾ ਸਕਦਾ ਤੇ ਪੰਜ ਮਿੰਟਾਂ ਵਿੱਚ ਬੀੜਿਆ ਜਾ ਸਕਦਾ ਹੈ।ਅਤਿ-ਆਧੁਨਿਕ ਰਾਡਾਰਾਂ ਨਾਲ ਲੈਸ ਇਸ ਸਿਸਟਮ ਨੂੰ ਆਸਾਨੀ ਨਾਲ ਇਕ ਤੋਂ ਦੂਸਰੀ ਥਾਂ ਲਿਜਾਇਆ ਜਾ ਸਕਦਾ ਹੈ।ਇਸ ਦਾਆਧੁਨਿਕ ਰਾਡਾਰ 600 ਕਿਲੋਮੀਟਰ ਦੂਰ ਦੇ ਨਿਸ਼ਾਨੇ ਨੂੰ ਦੇਖ ਅਤੇ ਨਸ਼ਟ ਕਰ ਸਕਦਾ ਹੈ ਅਤੇਸੈਟੇਲਾਈਟ ਨਾਲ ਜੁੜੇ ਹੋਣ ਕਾਰਨ ਜ਼ਰੂਰੀ ਸਿਗਨਲ ਅਤੇ ਸੂਚਨਾ ਤੁਰੰਤ ਮਿਲ ਜਾਂਦੀ ਹੈ। ਐੱਸ-400 ਮਿਜ਼ਾਈਲਦੇ ਅਤਿ-ਆਧੁਨਿਕ ਰਾਡਾਰ ਦੁਸ਼ਮਣ ਦਾ ਪਤਾ ਲੱਗਦੇ ਸਾਰ ਉਨ੍ਹਾਂ ਦੇ ਕੰਟਰੋਲ ਕਮਾਂਡ ਨੂੰ ਸਿਗਨਲ ਭੇਜਦੇ ਹਨ, ਜਿਸ ਵਿਚ ਟਾਰਗੇਟ ਦਾ ਫਾਸਲਾ, ਇਸਦੀ ਸਪੀਡ ਤੇ ਹੋਰ ਸਾਰੀ ਲੋੜੀਂਦੀ ਜਾਣਕਾਰੀ ਹੁੰਦੀ ਹੈ।ਫਿਰ ਕਮਾਂਡ ਕੰਟਰੋਲ ਨੂੰ ਮਿਜ਼ਾਈਲ ਲਾਂਚ ਦਾ ਆਦੇਸ਼ ਮਿਲ ਜਾਂਦਾ ਹੈ।

# ਓ ਐਨ ਜੀ ਸੀ ਦੀ ਇੱਕ ਗਲਤੀ ਨਾਲ ਭਾਰਤ ਨੂੰ 18,000 ਕਰੋੜ ਦਾ ਵਿਦੇਸ਼ੀ ਕਰੰਸੀ ਦਾ ਨੁਕਸਾਨ



ਨਵੀਂ ਦਿੱਲੀ, 14 ਨਵੰਬਰ, (ਪੋਸਟ ਬਿਊਰੋ)- ਜਿਸ ਵਕਤ ਸੰਸਾਰ ਵਿੱਚ ਕੱਚੇ ਤੇਲ ਅਤੇ ਕੁਦਰਤੀ ਗੈਸ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ, ਭਾਰਤ ਦੀ ਸਰਕਾਰੀ ਕੰਪਨੀ ਤੇਲ ਅਤੇ ਕੁਦਰਤੀ ਗੈਸ ਕਮਿਸ਼ਨ (ਓ ਐੱਨ ਜੀ ਸੀ)ਵੱਲੋਂਫੋਕਾ ਸ਼ੋਅ ਪੀਸ ਬਣ ਚੁੱਕੇ ਡੂੰਘੇ ਪਾਣੀ ਦੇ ਕੇਜੀ-ਡੀ5 ਬਲਾਕ ਨੂੰ ਵਿਕਸਤ ਕਰਨ ਦੀ ਬੇਤੁਕੀ ਯੋਜਨਾਬੰਦੀ ਅਤੇ ਦੁਰ ਪ੍ਰਬੰਧ ਮਹਿੰਗਾ ਪੈ ਰਿਹਾ ਹੈ। ਸਰਕਾਰੀ ਅਧਿਕਾਰੀਆਂ ਨੇ ਦੱਸਿਆ ਹੈ ਕਿ ਤੇਲ ਅਤੇ ਗੈਸ ਉਤਪਾਦਨ ਵਿੱਚ ਦੇਰੀ ਕਾਰਨ ਭਾਰਤ ਨੂੰ 18,000 ਕਰੋੜ ਰੁਪਏ ਦਾ ਵਿਦੇਸ਼ੀ ਕਰੰਸੀ ਦਾ ਨੁਕਸਾਨ ਝੱਲਣਾ ਪਵੇਗਾ।

ਓ ਐੱਨ ਜੀ ਸੀ ਨੇ ਕੇ ਜੀ ਡੀ ਡਬਲਿਊ ਐੱਨ-98/2(ਡੀ-5) ਬਲਾਕ ਵਿਚਲੇ ਦੋ ਖੇਤਰਾਂ ਤੋਂ ਜੂਨ 2019 ਤੱਕ ਗੈਸ ਉਤਪਾਦਨ ਤੇ ਮਾਰਚ 2020 ਤੱਕ ਉਤਪਾਦਨ ਸ਼ੁਰੂ ਕਰਨਾ ਸੀ।ਇਸ ਦੀ ਜਾਣਕਾਰੀ ਰੱਖਦੇ ਦੋ ਅਧਿਕਾਰੀਆਂ ਨੇ ਨਾਮ ਨਾ ਛਾਪਣ ਦੀ ਸ਼ਰਤ ਉੱਤੇਦੱਸਿਆ ਕਿ ਇਹ ਟੀਚੇ ਚੁੱਪਚਾਪ 2021 ਦੇ ਅੰਤ ਤੱਕ ਤਬਦੀਲ ਕਰ ਦਿੱਤੇ ਗਏਅਤੇ ਇਹ ਇਸ ਪ੍ਰਾਜੈਕਟ ਬਾਰੇ ਕੁਝ ਠੇਕੇ ਦੇਣ ਵਿੱਚ ਦੇਰੀ ਕਾਰਨ ਹੋਇਆ ਹੈ।ਉਨ੍ਹਾਂ ਕਿਹਾ ਕਿ ਕਲਸਟਰ-2 ਤੋਂ ਤੇਲ ਦੀ ਨਿਕਾਸੀ 47000 ਬੈਰਲ ਰੋਜ਼ ਜਾਂ 20 ਲੱਖ ਟਨ ਸਾਲਾਨਾ ਦੀ ਆਸ ਹੈ ਅਤੇ ਗੈਸ ਉਤਪਾਦਨ 6 ਮਿਲੀਅਨ ਕਿਊਬਕ ਮੀਟਰ ਰੋਜ਼ ਜਾਂ 2.2 ਬਿਲੀਅਨ ਕਿਊਬਕ ਮੀਟਰ ਸਾਲਾਨਾ ਦਾ ਅੰਦਾਜ਼ਾ ਹੈ। ਇਸ ਤਰ੍ਹਾਂ ਉਤਪਾਦਨਵਿੱਚ ਦੇਰੀ ਕਾਰਨ ਭਾਰਤ ਨੂੰ ਕੁੱਲ ਮਿਲਾ ਕੇ 18,000 ਕਰੋੜ ਰੁਪਏ ਵਿਦੇਸ਼ੀ ਕਰੰਸੀ ਖਰਚ ਕਰਨੀ ਪੈ ਜਾਵੇਗੀ।

ਮੰਨਿਆ ਕਿ ਪ੍ਰੋਜੈਕਟ 'ਸਪਲਾਈ ਚੇਨ ਅੜਿੱਕੇ' ਨਾਲ ਪ੍ਰਭਾਵਿਤ ਹੋਇਆ ਹੈ ਅਤੇ ਉਹ ਉਤਪਾਦਨ ਨੂੰ ਮੁੜ ਸ਼ੁਰੂ ਕਰਨ ਲਈ ਸਮਾਂ-ਹੱਦ ਨਹੀਂ ਦੱਸ ਸਕਦੇ, ਕਿਉਂਕਿ ਮਲੇਸ਼ੀਆ ਅਤੇ ਸਿੰਗਾਪੁਰ ਵਿੱਚ ਮਹਾਂਮਾਰੀ ਬਾਰੇ ਪਾਬੰਦੀਆਂ ਹਾਲੇ ਤੱਕਲਾਗੂ ਹਨ ਅਤੇ ਪ੍ਰੋਜੈਕਟ ਲਈ ਲੋੜੀਂਦੇ ਸਾਮਾਨ ਦੀ ਸਪਲਾਈ ਵਿੱਚ ਦੇਰੀ ਹੋ ਰਹੀ ਹੈ।

# ਟੀ-20 ਕ੍ਰਿਕਟ ਕੱਪ: ਨਿਊਜ਼ੀਲੈਂਡ ਨੂੰ ਹਰਾ ਕੇ ਆਸਟ੍ਰੇਲੀਆ ਚੈਂਪੀਅਨ ਬਣਿਆ




ਦੁਬਈ, 14 ਨਵੰਬਰ, (ਪੋਸਟ ਬਿਊਰੋ)- ਆਈਸੀ ਸੀ ਟੀ-20 ਵਰਲਡ ਕੱਪ ਦੇ ਫਾਈਨਲ ਵਿਚ ਅੱਜ ਐਤਵਾਰ ਨੂੰ ਆਸਟ੍ਰੇਲੀਆ ਦਾ ਮੁਕਾਬਲਾ ਨਿਊਜ਼ੀਲੈਂਡ ਨਾਲ ਦੁਬਈ ਵਿਚ ਹੋਇਆ, ਜਿਸ ਵਿੱਚ ਨਿਊਜ਼ੀਲੈਂਡ ਨੂੰ ਅਸਲੋਂ ਇੱਕਤਰਫਾ ਮੈਚ ਵਿੱਚ ਹਰਾ ਕੇ ਆਸਟਰੇਲੀਆ ਨਵਾਂ ਚੈਂਪੀਅਨ ਬਣ ਗਿਆ ਹੈ।

ਅੱਜ ਖੇਡੇ ਗਏ ਫਾਈਨਲ ਦਾ ਟਾਸ ਆਸਟਰੇਲੀਆ ਦੇ ਕਪਤਾਨ ਆਰੋਨ ਫਿੰਚ ਨੇ ਜਿੱਤਿਆ ਤੇ ਪਹਿਲਾਂ ਗੇਂਦਬਾਜ਼ੀ ਦਾ ਫੈਸਲਾ ਕੀਤਾ। ਨਿਊਜ਼ੀਲੈਂਡ ਨੇ ਆਪਣੇ ਕਪਤਾਨ ਕੇਨ ਵਿਲੀਅਮਸਨ ਦੀਆਂ 85 ਦੌੜਾਂ ਦੇ ਨਾਲ 20 ਓਵਰਾਂ ਵਿਚ 4 ਵਿਕਟਾਂ ਉੱਤੇ 172 ਦੌੜਾਂ ਬਣਾਈਆਂ।ਇਸ ਦਾ ਪਿੱਛਾ ਕਰਦੇ ਹੋਏ ਆਸਟ੍ਰੇਲੀਆ ਲਈ ਡੇਵਿਡ ਵਾਰਨਰ ਨੇ ਹਾਫ ਸੈਂਚੁਰੀ ਲਾਈਤੇ ਮਿਚੇਲ ਮਾਰਸ਼ ਨੇ 77 ਦੌੜਾਂ ਦੀ ਨਾਟ-ਆਊਟ ਖੇਡ ਖੇਡ ਕੇ ਟੀਮ ਨੂੰ 18.5 ਓਵਰਾਂ ਵਿਚ 2 ਵਿਕਟਾਂ ਗੁਆ ਕੇ ਜਿੱਤ ਦਿਵਾ ਦਿੱਤੀ। ਆਸਟ੍ਰੇਲੀਆ ਟੀ-20 ਵਿਸ਼ਵ ਕੱਪ ਵਿੱਚ ਪਹਿਲੀ ਵਾਰ ਵਿਸ਼ਵ ਚੈਂਪੀਅਨ ਬਣਿਆ ਹੈ।

ਇਸ ਤੋਂ ਪਹਿਲਾਂ ਪਾਕਿਸਤਾਨੀ ਟੀਮ ਨੂੰ ਆਈਸੀ ਸੀ ਟੀ-20 ਵਿਸ਼ਵ ਕੱਪ ਦੇ ਦੂਸਰੇ ਸੈਮੀਫਾਈਨਲ ਦੀ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਲਗਾਤਾਰ ਪੰਜ ਮੈਚ ਜਿੱਤਣ ਪਿੱਛੋਂ ਉਸ ਨੂੰਇਸ ਇੱਕੋ ਹਾਰ ਟੂਰਨਾਮੈਂਟ ਤੋਂ ਬਾਹਰ ਹੋਣਾ ਪਿਆ ਸੀ। ਆਸਟ੍ਰੇਲੀਆ ਦੇ ਖਿਲਾਫ਼ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਪਾਕਿਸਤਾਨ ਨੇ 4 ਵਿਕਟਾਂ ਉੱਤੇ 176 ਦੌੜਾਂ ਬਣਾਈਆਂ ਤੇ ਜਵਾਬਵਿੱਚ ਮੈਥਿਊ ਵੇਡ ਅਤੇ ਮਾਰਕਸ ਸਟੋਇਨਿਸ ਦੀ ਧਮਾਕੇਦਾਰ ਬੱਲੇਬਾਜ਼ੀ ਦੇ ਨਾਲ ਆਸਟਰੇਲੀਆ ਟੀਮ ਨੇ ਆਖਰੀ ਓਵਰਵਿੱਚ ਜਿੱਤ ਦਰਜ ਕਰ ਦਿੱਤੀ ਸੀ। ਗਰੁੱਪ ਮੈਚਾਂ ਤੋਂਪਾਕਿਸਤਾਨ ਪੂਰੇ ਪੰਜ ਮੈਚ ਜਿੱਤਣ ਵਾਲੀਇਕਲੌਤੀ ਟੀਮ ਸਨ। ਆਸਟਰੇਲੀਆ ਦੇ ਖਿਲਾਫ਼ ਉਸ ਦੀ ਇਕਲੌਤੀ ਹਾਰ ਨੇ ਖੇਡ ਖ਼ਤਮ ਕਰ ਦਿੱਤੀ ਸੀ।

# ਏ ਟੀ ਐਮ ਕੈਬਿਨ ਵਿੱਚ ਵੜ ਕੇ ਗੋਲੀ ਮਾਰੀ

*** ਜ਼ਖ਼ਮੀ ਹੋਣ ਉੱਤੇ ਵੀ ਨੌਜਵਾਨ ਨੇ ਲੁਟੇਰੇ ਦਬੋਚੇ**

ਲੁਧਿਆਣਾ, 14 ਨਵੰਬਰ (ਪੋਸਟ ਬਿਊਰੋ)- ਕੱਲ੍ਹ ਸ਼ਾਮ ਸ਼ਹਿਰ ਦੇ ਭੀੜ ਵਾਲੇ ਇਲਾਕੇ ਕੈਲਾਸ਼ ਸਿਨੇਮਾ ਚੌਕ ਦੇ ਕੋਲ ਦੋ ਲੁਟੇਰਿਆਂ ਨੇ ਐਕਸਿਸ ਬੈਂਕ ਦੇ ਏ ਟੀ ਐਮ ਤੋਂ ਰੁਪਏ ਕੱਢ ਰਹੇ ਇੱਕ ਨੌਜਵਾਨ ਨੂੰ ਗੋਲੀ ਮਾਰ ਕੇ ਲੁਟਣ ਦੀ ਕੋਸ਼ਿਸ਼ ਕੀਤੀ। ਲੱਤ ਵਿੱਚ ਗੋਲੀ ਲੱਗਣ ਦੇ ਬਾਵਜੂਦ ਨੌਜਵਾਨ ਨੇ ਹਿੰਮਤ ਦਿਖਾਈ ਅਤੇ ਇੱਕ ਲੁਟੇਰੇ ਨੂੰ ਦਬੋਚ ਲਿਆ। ਗੋਲੀ ਦੀ ਆਵਾਜ਼ ਸੁਣ ਕੇ ਇਕੱਠੇ ਹੋਏ ਲੋਕਾਂ ਨੇ ਫਿਰ ਉਸ ਨੂੰ ਦਬੋਚ ਲਿਆ। ਦੁਗਰੀ ਦੇ ਸਤਜੋਤ ਨਗਰ ਦੇ ਰਹਿਣ ਵਾਲੇ ਜ਼ਖ਼ਮੀ ਨੌਜਵਾਨ ਸੰਦੀਪ ਸ਼ਰਮਾ ਨੂੰ ਇਲਾਜ ਲਈ ਸਿਵਲ ਹਸਪਤਾਲ ਭਰਤੀ ਕਰਵਾਇਆ ਗਿਆ ਹੈ। ਸੰਦੀਪ ਨੇ ਦੱਸਿਆ ਕਿ ਉਹ ਇੱਕ ਨਿੱਜੀ ਕੰਪਨੀ ਵਿੱਚ ਡੈਟਾ ਕੁਲੈਕਸ਼ਨ ਦਾ ਕੰਮ ਕਰਦਾ ਹੈ। ਕੱਲ੍ਹ ਸ਼ਾਮ ਉਹ ਕੰਮ ਖਤਮ ਕਰ ਕੇ ਵਾਪਸ ਆ ਰਿਹਾ ਸੀ ਕਿ ਜੇਬ ਖ਼ਰਚ ਲਈ ਰਸਤੇ ਵਿੱਚ ਏ ਟੀ ਐਮ ਤੋਂ ਪੈਸੇ ਕਢਵਾਉਣ ਲਈ ਰੁਕਿਆ। ਜਦੋਂ ਉਹ ਏ ਟੀ ਐਮ ਕੈਬਿਨ ਵਿੱਚ ਵੜਿਆ ਤਾਂ ਇੱਕ ਨਕਾਬਪੋਸ਼ ਨੌਜਵਾਨ ਵੀ ਅੰਦਰ ਆ ਗਿਆ ਤੇ ਉਸ ਨੇ ਪਿਸਤੌਲ ਤਾਣ ਕੇ ਕੱਢੇ ਗਏ ਰੁਪਏ ਦੇਣ ਲਈ ਕਿਹਾ। ਵਿਰੋਧ ਕਰਨ ਉੱਤੇ ਉਹ ਗੋਲੀਆਂ ਚਲਾਉਣ ਲੱਗਾ। ਉਸ ਨੇ ਤਿੰਨ ਗੋਲੀਆਂ ਚਲਾਈਆਂ, ਜਿਨ੍ਹਾਂ ਵਿੱਚੋਂ ਇੱਕ ਉਸਦੇ ਜਬਾੜੇ ਵਿੱਚ ਲੱਗੀ। ਉਹ ਥੱਲੇ ਡਿੱਗ ਗਿਆ, ਪਰ ਉਸ ਨੇ ਲੁਟੇਰੇ ਨੂੰ ਫੜ ਲਿਆ। ਲੁਟੇਰੇ ਨੇ ਉਸ ਨੂੰ ਧੱਕਾ ਦਿੱਤਾ ਤਾਂ ਉਸ ਦੇ ਸਿਰ ਵਿੱਚ ਵੀ ਸੱਟ ਲੱਗੀ। ਇੰਨੇ ਵਿੱਚ ਆਸ-ਪਾਸ ਦੇ ਲੋਕ ਇਕੱਠੇ ਹੋ ਗਏ ਤੇ ਉਨ੍ਹਾਂ ਨੇ ਲੁਟੇਰੇ ਨੂੰ ਦਬੋਚ ਕੇ ਬੁਰੀ ਤਰ੍ਹਾਂ ਕੁੱਟਿਆ ਤੇ ਪੁਲਸ ਨੂੰ ਦੱਸਿਆ। ਥਾਣਾ ਡਿਵਿਜ਼ਨ ਨੰਬਰ ਅੱਠ ਦੀ ਪੁਲਸ ਨੇ ਓਥੇ ਪਹੁੰਚ ਕੇ ਲੁਟੇਰਾ ਫੜ ਲਿਆ। ਮੋਟਰਸਾਈਕਲ ਨਾਲ ਏ ਟੀ ਐਮ ਦੇ ਬਾਹਰ ਖੜ੍ਹਾ ਉਸਦਾ ਸਾਥੀ ਭੱਜ ਗਿਆ, ਪਰ ਮੋਟਰਸਾਈਕਲ ਉਥੇ ਛੱਡ ਗਿਆ। ਲੁਟੇਰੇ ਦੀ ਪਛਾਣ ਹੈਬੋਵਾਲ ਦੇ ਜਸੀਆਂ ਦੇ ਅਸ਼ਵਨੀ ਵਜੋਂ ਹੋਈ ਹੈ। ਫਰਾਰ ਸਾਥੀ ਦੀ ਪਛਾਣ ਗੌਰਵ ਦੇ ਰੂਪ ਵਿੱਚ ਹੋਈ ਹੈ। ਹਮਲਾਵਰ ਤੋਂ ਦੇਸੀ ਪਿਸਤੌਲ ਮਿਲੀ ਹੈ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਅਸ਼ਵਨੀ ਅਤੇ ਗੌਰਵ ਦੋਵੇਂ ਇਕੱਠੇ ਕਿਰਾਏ ਦੇ ਮਕਾਨ ਵਿੱਚ ਰਹਿੰਦੇ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK) Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਸਕਿਊਰਿਟੀ ਮਾਹਿਰਾਂ ਵੱਲੋਂ ਸਰਕਾਰ ਨੂੰ 5ਜੀ ਮੁਬਾਈਲ ਨੈੱਟਵਰਕ ਤੋਂ ਹੁਆਵੇ ਨੂੰ ਪਾਸੇ ਰੱਖਣ ਦੀ ਸਲਾਹ

...ਪੰਨਾ 1 ਦਾ ਬਾਕੀ

ਜੇ ਹੁਆਵੇ ਨੂੰ ਕੈਨੇਡਾ ਵਿੱਚ ਆਪਣੇ ਪੈਰ ਪਸਾਰਨ ਵਿੱਚ ਮਦਦ ਮਿਲਦੀ ਹੈ ਤਾਂ ਉਹ ਸੁਖਾਲੇ ਢੰਗ ਨਾਲ ਇਹ ਪਤਾ ਲਾ ਸਕਦੇ ਹਨ ਕਿ ਕੈਨੇਡੀਅਨ ਕਸਟਮਰਜ਼ ਵੱਲੋਂ ਇੰਟਰਨੈੱਟ ਨਾਲ ਜੁੜੀਆਂ ਡਿਵਾਇਸਾਂ ਦੀ ਵਰਤੋਂ ਕਿਵੇਂ, ਕਦੋਂ ਤੇ ਕਿੱਥੇ ਕੀਤੀ ਜਾਂਦੀ ਹੈ। ਇਹ ਵੀ ਮੰਨਣਾ ਹੈ ਕਿ ਬਦਲੇ ਵਿੱਚ ਚੀਨੀ ਸਕਿਊਰਿਟੀ ਏਜੰਸੀਆਂ ਕੰਪਨੀ ਨੂੰ ਨਿਜੀ ਜਾਣਕਾਰੀ ਆਪਣੇ ਹਵਾਲੇ ਕਰਨ ਲਈ ਮਜਬੂਰ ਕਰ ਸਕਦੀਆਂ ਹਨ।

ਇਹ ਤੌਖਲੇ ਅਕਾਰਨ ਨਹੀਂ ਹਨ ਸਗੋਂ ਇਸ ਤੱਥ ਉੱਤੇ ਅਧਾਰਤ ਹਨ ਕਿ ਚੀਨ ਦੇ ਨੈਸ਼ਨਲ ਇੰਟੈਲੀਜੈਂਸ ਲਾਅ ਅਨੁਸਾਰ ਚੀਨੀ ਆਰਗੇਨਾਈਜ਼ੇਸ਼ਨ ਤੇ ਸਿਟੀਜਨਜ਼ ਨੂੰ ਦੇਸ਼ ਦੇ ਖੁਫੀਆ ਨੈੱਟਵਰਕ ਦੀ ਮਦਦ ਕਰਨੀ ਹੋਵੇਗੀ ਤੇ ਇਸ ਲਈ ਸਹਿਯੋਗ ਵੀ ਦੇਣਾ ਹੋਵੇਗਾ। ਪਰ ਹੁਆਵੇ ਦਾ ਕਹਿਣਾ ਹੈ ਕਿ ਉਹ ਆਜ਼ਾਦਾਨਾ ਕੰਪਨੀ ਹੈ, ਜੋ ਕਿ ਚੀਨ ਸਮੇਤ ਕਿਸੇ ਕਿਸਮ ਦੀ ਜਾਸੂਸੀ ਵਿੱਚ ਸ਼ਾਮਲ ਨਹੀਂ ਹੈ।

# ਕੈਪਟਨ ਅਮਰਿੰਦਰ ਨੇ ਕਾਂਗਰਸ ਵਿੱਚ ਵਾਪਸੀ ਦੇ ਚਰਚੇ ਮੁੱਢੋਂ ਨਕਾਰੇ

...ਪੰਨਾ 1 ਦਾ ਬਾਕੀ

ਵਰਣਨ ਯੋਗ ਹੈ ਕਿ ਇਸ ਤੋਂ ਪਹਿਲਾਂ ਪੰਜਾਬ ਦੇ ਮੰਤਰੀ ਰਾਜ ਕੁਮਾਰ ਵੇਰਕਾ ਦਾ ਬਿਆਨ ਆਇਆ ਸੀ, ਜਿਸ ਵਿੱਚ ਉਸ ਨੇ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਵਿਚ ਵਾਪਸੀ ਦਾ ਇਸ਼ਾਰਾ ਕੀਤਾ ਸੀ ਅਤੇ ਇਸ ਤੋਂ ਪਹਿਲਾਂ 11 ਨਵੰਬਰ ਨੂੰ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਵੀ ਕੈਪਟਨ ਦੀ ਦੋ ਵਾਰੀਤਾਰੀਫ ਕੀਤੀ ਤਾਂ ਇਹ ਚਰਚਾ ਚੱਲੀ ਸੀ ਕਿ ਕੈਪਟਨ ਅਮਰਿੰਦਰ ਸਿੰਘ ਕਾਂਗਰਸਵਿੱਚਮੁੜ ਸਕਦੇ ਹਨ, ਪਰ ਅਮਰਿੰਦਰ ਸਿੰਘ ਨੇ ਪ੍ਰੈਸ ਬਿਆਨ ਜਾਰੀ ਕਰ ਕੇ ਇਸ ਨੂੰ ਮੁੱਢੋਂ ਰੱਦ ਕਰ ਦਿੱਤਾ ਹੈ।

ਕਾਂਗਰਸ ਪਾਰਲੀਮੈਂਟ ਮੈਂਬਰ ਪ੍ਰਨੀਤ ਕੌਰ ਨੇ ਪਟਿਆਲਾ ਨਗਰ ਨਿਗਮ ਦਾ ਡੇਅਰੀ ਪ੍ਰਾਜੈਕਟ ਜਲਦੀ ਪੂਰਾ ਕਰਨ ਦੀ ਮੰਗ ਲਈ ਅੱਜ ਐਤਵਾਰਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਉਨ੍ਹਾਂ ਦੇ ਚੰਡੀਗੜ੍ਹ ਵਾਲੇ ਸਰਕਾਰੀਘਰ ਵਿੱਚ ਬੈਠਕ ਕੀਤੀਤੇ ਉਨ੍ਹਾਂ ਨੂੰ ਦੱਸਿਆਕਿ ਇਸ ਪ੍ਰਾਜੈਕਟਵਿੱਚ ਕੁਝ ਲੋਕ ਸਿਆਸੀ ਲਾਭ ਲਈ ਅੜਿਕੇ ਲਾ ਰਹੇ ਹਨ।ਮੁੱਖ ਮੰਤਰੀ ਨੇ ਪ੍ਰਨੀਤ ਕੌਰ ਨੂੰ ਇਸ ਪ੍ਰਾਜੈਕਟ ਲਈ ਹਰ ਸੰਭਵ ਦਾ ਭਰੋਸਾ ਦਿੱਤਾ। ਇਸ ਬੈਠਕ ਦੌਰਾਨ ਪਟਿਆਲਾ ਦੇ ਮੇਅਰ ਸੰਜੀਵ ਸ਼ਰਮਾ ਬਿੱਟੂ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਦੇ ਚੇਅਰਮੈਨ ਕੇਕੇ ਸ਼ਰਮਾ, ਪਟਿਆਲਾ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਕੇਕੇ ਮਲਹੋਤਰਾ ਅਤੇ 22 ਕੌਂਸਲਰ ਵੀ ਉਨ੍ਹਾਂ ਨਾਲ ਸਨ। ਕੈਪਟਨ ਅਮਰਿੰਦਰ ਸਿੰਘ ਵੱਲੋਂ ਕਾਂਗਰਸ ਛੱਡਣਪਿੱਛੋਂ ਅੱਜ ਪਾਰਲੀਮੈਂਟ ਮੈਂਬਰ ਪ੍ਰਨੀਤ ਕੌਰ ਦੀ ਮੁੱਖ ਮੰਤਰੀ ਨਾਲ ਇਸ ਮੁਲਾਕਾਤ ਦੇ ਸਿਆਸੀ ਮਾਅਨੇ ਕੱਢੇ ਜਾ ਰਹੇ ਸਨ। ਉਂਜ ਇਸ ਮੀਟਿੰਗ ਤੋਂ ਪਹਿਲਾਂ ਪ੍ਰਨੀਤ ਕੌਰ ਨੇ ਸਿਸਵਾਂ ਫਾਰਮ ਹਾਊਸਜਾ ਕੇ ਕੈਪਟਨ ਅਮਰਿੰਦਰ ਸਿੰਘ ਤੋਂਮੁੱਖ ਮੰਤਰੀ ਨਾਲ ਮੁਲਾਕਾਤ ਦੀ ਆਗਿਆ ਮੰਗੀ ਸੀ ਤੇ ਇਸ ਦੌਰਾਨ ਪਟਿਆਲਾ ਦੇ ਇਹ ਸਾਰੇ ਆਗੂ ਉਨ੍ਹਾਂ ਦੇ ਨਾਲ ਸਨ, ਜਿਨ੍ਹਾਂ ਨੇ ਕੈਪਟਨ ਅਮਰਿੰਦਰ ਸਿੰਘ ਨਾਲ ਉਨ੍ਹਾਂ ਦੀ ਅਗਲੀ ਰਣਨੀਤੀ ਬਾਰੇ ਵੀ ਚਰਚਾ ਕੀਤੀ ਸੀ। ਕੈਪਟਨ ਅਮਰਿੰਦਰ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਕਈ ਪੁਰਾਣੇ ਸਾਥੀਆਂ ਨੇ ਸਾਥ ਨਾ ਦੇ ਕੇ ਧੋਖਾ ਕੀਤਾ ਹੈ ਅਤੇ ਉਹ ਪਾਰਟੀ ਲਾਂਚ ਕਰਨ ਪਿੱਛੋਂ ਪਟਿਆਲਾ ਦੇ ਕੌਂਸਲਰਾਂ ਨਾਲ ਅਗਲੀ ਰਣਨੀਤੀ ਬਣਾਉਣ ਲਈ ਬੈਠਕ ਕਰਨਗੇ। ਇਸ ਪਿੱਛੋਂ ਪ੍ਰਨੀਤ ਕੌਰ ਨੇ ਮੁੱਖ ਮੰਤਰੀ ਚੰਨੀ ਨਾਲ ਬੈਠਕ ਕੀਤੀ ਤੇ ਉਨ੍ਹਾਂ ਨੂੰ ਦੱਸਿਆ ਕਿ ਪਟਿਆਲਾਵਿੱਚ ਡੇਅਰੀਆਂ ਨੂੰ ਸ਼ਹਿਰੋਂ ਬਾਹਰ ਕੱਢਣ ਦਾ ਪ੍ਰਾਜੈਕਟ ਸਾਲ 2005ਵਿੱਚਬਣਿਆ ਸੀ, ਪਰ ਜਦੋਂ ਫਿਰ ਅਕਾਲੀ-ਭਾਜਪਾ ਸਰਕਾਰ ਬਣੀ ਤਾਂ ਠੱਪ ਕਰ ਦਿੱਤਾ ਸੀ। ਸਾਲ 2017ਵਿੱਚ ਕੈਪਟਨ ਸਰਕਾਰ ਬਣਨ ਉੱਤੇ ਪ੍ਰਾਜੈਕਟ ਉੱਤੇ ਕਾਫ਼ੀ ਤੇਜ਼ੀ ਨਾਲ ਕੰਮ ਹੋਇਆ ਸੀ, ਜਿਸ ਵਿੱਚ 141 ਡੇਅਰੀਆਂ ਨੂੰ ਪਿੰਡ ਅਬਲੋਵਾਲ ਕੋਲ 21 ਏਕੜ ਜ਼ਮੀਨ ਉੱਤੇ ਸ਼ਿਫ਼ਟ ਕੀਤਾ ਜਾਣਾ ਸੀ। ਪ੍ਰਾਜੈਕਟ ਉੱਤੇ ਕਰੀਬ 15 ਕਰੋੜ ਰੁਪਏ ਖਰਚੇ ਜਾ ਚੁੱਕੇ ਹਨ ਤੇ ਕੁਝ ਡੇਅਰੀ ਸੰਚਾਲਕ ਜਾਣ-ਬੁੱਝ ਕੇ ਇਸ ਵਿੱਚ ਅੜਿੱਕਾ ਡਾਹੁੰਦੇ ਤੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਏਥੇ ਬਣਦੀਆਂ ਸਾਰੀਆਂ ਸਹੂਲਤਾਂ ਨਹੀਂ ਮਿਲ ਰਹੀਆਂ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪ੍ਰਾਜੈਕਟ ਪੂਰਾ ਕਰਨ ਲਈ ਹਰ ਸਹਿਯੋਗ ਦਾ ਭਰੋਸਾ ਦਿੱਤਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Check our Free E-paper at:
www.canadianpunjabipost.ca

905-793-2202
ਪੰਜਾਬੀ ਪੋਸਟ

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਧਮਾਕਾਖੇਜ਼ ਸਮੱਗਰੀ ਤੇ ਹਥਿਆਰਾਂ ਸਮੇਤ ਨੌਜਵਾਨ ਗ੍ਰਿਫ਼ਤਾਰ

ਜਗਰਾਉਂ, 14 ਨਵੰਬਰ (ਪੋਸਟ ਬਿਊਰੋ)- ਸਥਾਨਕ ਪੁਲਸ ਨੇ ਜਲਾਲਾ-ਬਾਦ ਟਿਫਨ ਬੰਬ ਕੇਸ ਵਿੱਚ ਮੁੱਖ ਦੋਸ਼ੀ ਰਣਜੀਤ ਸਿੰਘ ਦੀ ਪੈੜ ਦੱਬਦਿਆਂ ਕਈ ਖੁਲਾਸੇ ਕਾਰਨ ਪਿੱਛੋਂ ਇੱਕ ਹੋਰ ਨੌਜਵਾਨ ਨੂੰ ਧਮਾਕਾਖੇਜ਼ ਸਮੱਗਰੀ ਤੇ ਹਥਿਆਰਾਂ ਸਮੇਤ ਕਾਬੂ ਕੀਤਾ ਹੈ। ਪਿੰਡ ਨੱਥੋਵਾਲ ਦੇ ਨੌਜਵਾਨ ਹਰਮਨਪ੍ਰੀਤ ਸਿੰਘ ਉਰਫ਼ ਹਰਮਨ ਬਾਰੇ ਅਜੇ ਪੁਲਸ ਕੋਈ ਖੁਲਾਸਾ ਕਰਨ ਨੂੰ ਤਿਆਰ ਨਹੀਂ ਅਤੇ ਜ਼ਿਲ੍ਹਾ ਪੁਲਸ ਮੁੱਖੀ ਰਾਜਬਚਨ ਸਿੰਘ ਸੰਧੂ ਨੇ ਸਿਰਫ਼ ਇਹੀ ਕਿਹਾ ਕਿ ਉਸ ਬਾਰੇ ਜਾਂਚ ਚੱਲ ਰਹੀ ਹੈ, ਪਰ ਏਨਾ ਪਤਾ ਲੱਗਾ ਹੈ ਕਿ ਉਸ ਗਰਮ ਖਿਆਲੀ ਨੌਜਵਾਨ ਦੇ ਕਈ ਸਮਾਜਆਂ ਨਾਲ ਸਬੰਧ ਹਨ।

ਪੁਲਸ ਅਧਿਕਾਰੀਆਂ ਤੋਂ ਪਤਾ ਲੱਗਾ ਹੈ ਕਿ ਅਨੁਸਾਰ ਹਰਮਨ ਕੋਲੋਂ ਦੋ ਪਿਸਤੌਲ 32 ਬੋਰ ਦੇਸੀ ਕੱਟੇ ਸਮੇਤ ਅੱਠ ਜ਼ਿੰਦਾ ਰੌਂਦ, ਇੱਕ ਪਿਸਤੌਲ 315 ਬੋਰ ਦੇਸੀ, ਦੋ ਜ਼ਿੰਦਾ ਕਾਰਤੂਸ ਅਤੇ ਇੱਕ ਕਿੱਲੋ 800 ਗ੍ਰਾਮ ਧਮਾਕਾਖੇਜ਼ ਸਮੱਗਰੀ ਮਿਲੀ ਹੈ। ਪੁਲਸ ਵੱਲੋਂ ਉਸ ਨੂੰ ਮੋਟਰਸਾਈਕਲ ਸਮੇਤ ਨੱਥੋਵਾਲ ਤੋਂ ਪਿੰਡ ਝੋਰੜਾਂ ਨੂੰ ਆਉਂਦੇ ਸਮੇਂ ਫੜਨ ਦਾ ਦਾਅਵਾ ਕੀਤਾ ਤੇ ਉਸ ਉੱਤੇ ਥਾਣਾ ਹਠੂਰ ਵਿਖੇ ਵੱਖ-ਵੱਖ ਧਰਾਵਾਂ ਦਾ ਕੇਸ ਦਰਜ ਕੀਤਾ ਹੈ। ਡੀ ਐਸ ਪੀ (ਡੀ) ਅਨਿਲ ਭਨੋਟ ਦੇ ਦੱਸਣ ਅਨੁਸਾਰ ਹਰਮਨ ਨੂੰ ਅਦਾਲਤਪੇਸ਼ ਕਰਕੇ ਪੰਜ ਦਿਨ ਦਾ ਰਿਮਾਂਡ ਲਿਆ ਗਿਆ ਹੈ।

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN
GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਏ ਟੀ ਐਮ ਤੋੜ ਕੇ 9 ਲੱਖ 74 ਹਜ਼ਾਰ ਚੋਰੀ

ਜਗਰਾਉਂ, 14 ਨਵੰਬਰ (ਪੋਸਟ ਬਿਊਰੋ)- ਪਿੰਡ ਸਵੱਦੀ ਕਲਾਂ ਵਿਖੇ ਸਟੇਟ ਬੈਂਕ ਆਫ਼ ਇੰਡੀਆ ਦੀ ਬ੍ਰਾਂਚ ਵਿੱਚ ਏ ਟੀ ਐਮ ਤੋੜ ਕੇ ਤਕਰੀਬਨ 9 ਲੱਖ 74 ਹਜ਼ਾਰ ਰੁਪਏ ਲੈ ਕੇ ਚੋਰ ਫਰਾਰ ਹੋ ਗਏ।

ਇਸ ਬਾਰੇ ਸਰਪੰਚ ਲਾਲ ਸਿੰਘ ਸਵੱਦੀ ਨੇ ਦੱਸਿਆ ਕਿ ਸਵੇਰੇ ਗੁਰ-ਦੁਆਰਾ ਸਾਹਿਬ ਮੱਥਾ ਟੇਕਣ ਜਾਂਦੇ ਲੋਕਾਂ ਨੂੰ ਏ ਟੀ ਐਮ ਤੋੜੇ ਜਾਣ ਦਾ ਪਤਾ ਲੱਗਾ ਤਾਂ ਅਸੀਂ ਭੂੰਦੜੀ ਚੌਕੀ ਦੇ ਮੁਨਸ਼ੀ ਵਰਿੰਦਰ ਸਿੰਘ ਅਤੇ ਬੈਂਕ ਦੇ ਮੈਨੇਜਰ ਪੰਕਜ ਕੁਮਾਰ ਨੂੰ ਸੂਚਨਾ ਦਿੱਤੀ ਸੀ। ਬੈਂਕ ਮੈਨੇਜਰ ਪੰਕਜ ਕੁਮਾਰ ਨੇ ਦੱਸਿਆ ਕਿ ਸੀ ਸੀ ਟੀ ਵੀ ਫੁਟੇਜ਼ ਤੋਂ ਪਤਾ ਚਲਦਾ ਹੈ ਕਿ ਚੋਰ ਤੜਕੇ 2.29 ਵਜੇ ਏ ਟੀ ਐਮ ਦਾ ਸ਼ਟਰ ਤੋੜ ਕੇ ਅੰਦਰ ਵੜੇ ਤੇ 2.37 ਵਜੇ ਏ ਟੀ ਐਮ ਨੂੰ ਕਟਰ ਨਾਲ ਵੱਢਕੇ ਤਕਰਬੀਨ 8 ਮਿੰਟ ਵਿੱਚ 9 ਲੱਖ 74 ਹਜ਼ਾਰ 300 ਰੁਪਏ ਦੀ ਨਗਦੀ ਲੈ ਕੇ ਨਿਕਲ ਗਏ। ਇਸ ਮੌਕੇ ਰਾਜਸਥਾਨ ਸਿੰਘ ਸੰਧੂ ਐਸ ਐਸ ਪੀ ਲੁਧਿਆਣਾ ਦਿਹਾਤੀ ਆਏ ਅਤੇ ਕਿਹਾ ਕਿ ਇਸ ਵਾਰਦਾਤ ਦੀ ਜਾਂਚ ਕੀਤੀ ਜਾ ਰਹੀ ਹੈ।


# ਕਾਰਕੁੰਨ ਤੇ ਪੱਤਰਕਾਰ ਦਾ ਬੇਰਹਿਮੀ ਨਾਲ ਕਤਲ

ਪਟਨਾ, 14 ਨਵੰਬਰ (ਪੋਸਟ ਬਿਊਰੋ)- ਬਿਹਾਰ ਦੇਮਧੂਬਨੀ ਜ਼ਿਲੇ ਦੇ ਬੇਨੀਪੱਟੀ ਥਾਣਾ ਖੇਤਰ ਵਿੱਚ 25 ਸਾਲਾ ਨੌਜਵਾਨ ਦੀ ਅੱਧ ਸੜੀ ਲਾਸ਼ ਸੜਕ ਕਿਨਾਰੇ ਬੋਰੀ ਵਿੱਚ ਮਿਲੀ ਹੈ। ਮ੍ਰਿਤਕ ਦੀ ਪਛਾਣ ਬੁੱਧੀਨਾਥ ਝਾਅ ਉਰਫ ਅਵਿਨਾਸ਼ ਵਾਸੀ ਬੇਨੀਪੱਟੀ ਬਾਜ਼ਾਰ ਵਜੋਂ ਹੋਈ ਹੈ। ਦੱਸਿਆ ਜਾਂਦਾ ਹੈ ਕਿ ਬੁੱਧਨਾਥ ਝਾਅ ਆਰ ਟੀ ਆਈ ਐਕਟੀਵਿਸਟ ਵਜੋਂ ਕੰਮ ਕਰ ਰਿਹਾ ਸੀ ਅਤੇ ਉਹ ਸੋਸ਼ਲ ਮੀਡੀਆ ਰਾਹੀਂ ਪੱਤਰਕਾਰੀ ਵੀ ਕਰਦਾ ਸੀ।

ਮਿਲੀ ਜਾਣਕਾਰੀ ਅਨੁਸਾਰ ਰਿਸ਼ਤੇਦਾਰਾਂ ਨੇ ਦੱਸਿਆ ਕਿ 9 ਨਵੰਬਰ ਦੀ ਰਾਤ ਬੁੱਧਨਾਥ ਝਾਅ ਘਰ ਨਹੀਂ ਮੁੜਿਆ ਅਤੇ ਖੋਜ ਤੋਂ ਬਾਅਦ ਰਿਸ਼ਤੇਦਾਰਾਂ ਨੇ 11 ਨਵੰਬਰ ਨੂੰ ਥਾਣੇ ਵਿੱਚ ਉਸ ਦੀ ਗੁੰਮਸ਼ੁਦਗੀ ਰਿਪੋਰਟ ਦਰਜ ਕਰਵਾਈ ਸੀ। ਬੇਨੀਪੱਟੀ ਥਾਣਾ ਪੁਲਿਸ ਨੂੰ ਉਦੇਨ ਪਿੰਡ ਵਿੱਚ ਸਟੇਟ ਹਾਈਵੇਅ ਨੰਬਰ 52 ਨੇੜੇ ਸੜਕ ਕਿਨਾਰੇ ਝਾੜੀਆਂ ਵਿੱਚੋਂ ਇੱਕ 25 ਸਾਲਾ ਨੌਜਵਾਨ ਦੀ ਅੱਧ ਸੜੀ ਹੋਈ ਲਾਸ਼ ਮਿਲੀ ਤਾਂ ਉਹ ਬੁੱਧਨਾਥ ਝਾਅ ਦੀ ਸੀ। ਦੱਸਿਆ ਗਿਆ ਹੈ ਕਿ ਉਸ ਦੀ ਲਾਸ਼ ਬੋਰੀ ਵਿੱਚ ਪਾ ਕੇ ਸੁੱਟੀ ਗਈ ਸੀ। ਪੁਲਿਸ ਪੂਰੇ ਕੇਸ ਦੀ ਜਾਂਚ ਕਰ ਰਹੀ ਹੈ। ਬੇਨੀਪੱਟੀ ਥਾਣਾ ਦੇ ਮੁਖੀ ਅਰਵਿੰਦ ਕੁਮਾਰ ਦਾ ਕਹਿਣਾ ਹੈ ਕਿ ਪੁਲਿਸ ਟੀਮ ਇਸ ਬਾਰੇ ਕਈ ਪੱਖਾਂ ਤੋਂ ਜਾਂਚ ਕਰ ਰਹੀ ਹੈ।

ਜ਼ਰੂਰ ਜਾਣੋ; ਗਿਆਨ ਗੰਗਾ
|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?


ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

# ਹੀਜ-ਪਿਆਜ਼ ਬਾਹਰ ਲਿਆ ਦਿੱਤਾ ਵਿਧਾਨ ਸਭਾ ਸੈਸ਼ਨ ਨੇ ਪੰਜਾਬ ਦੀ ਸਿਆਸੀ ਲੀਡਰਸ਼ਿਪ ਦਾ




ਜਦੋਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਸੱਦੇ ਉੱਤੇ ਸਾਰੀਆਂ ਪਾਰਟੀਆਂ ਦੀ ਸਾਂਝੀ ਬੈਠਕ ਕੀਤੀ ਗਈ ਤਾਂ ਲੋਕਾਂ ਨੂੰ ਆਸ ਸੀ ਕਿ ਇਸ ਵਿੱਚ ਪੰਜਾਬ ਦੇ ਸਾਂਝੇ ਮੁੱਦੇ ਵਿਚਾਰੇ ਜਾਣਗੇ। ਅਗਲੇ ਹਫਤੇ ਸਰਕਾਰ ਨੇ ਵਿਧਾਨ ਸਭਾ ਸੈਸ਼ਨ ਸੱਦ ਲਿਆ ਅਤੇ ਉਸ ਵਿੱਚ ਰੱਖੇ ਜਾਣ ਵਾਲੇ ਮੁੱਦਿਆਂ ਬਾਰੇ ਕੈਬਨਿਟ ਮੀਟਿੰਗ ਕਰ ਕੇ ਤਿਆਰੀ ਵੀ ਕਰ ਲਈ, ਤਾਂ ਇਸ ਨਾਲ ਆਮ ਲੋਕਾਂ ਨੂੰ ਇਸ ਸੈਸ਼ਨ ਤੋਂ ਆਸਾਂ ਵਧ ਗਈਆਂ ਸਨ। ਜਦੋਂ ਵਿਧਾਨ ਸਭਾ ਦਾ ਸੈਸ਼ਨ ਹੋਇਆ, ਬਦਕਿਸਮਤੀ ਨਾਲ ਫਿਰ ਰਾਜਨੀਤਕ ਚਾਂਦਮਾਰੀ ਭਾਰੂ ਹੋ ਗਈ ਅਤੇ ਸਾਂਝੇ ਮੁੱਦੇ ਸਿਰਫ ਮਤੇ ਪਾਸ ਕਰਨ ਤੱਕ ਦੀ ਸਾਂਝ ਤੱਕ ਸੀਮਤ ਹੋ ਗਏ। ਰਾਜਨੀਤਕ ਚਾਂਦਮਾਰੀ ਇਸ ਹੱਦ ਤੱਕ ਕੀਤੀ ਗਈ ਕਿ ਵੱਡੇ ਲੀਡਰਾਂ ਦੇ ਛੋਟੇ ਭਾਸ਼ਣ ਅਤੇ ਭੱਦੀ ਸ਼ਬਦਾਵਲੀ ਸੁਣ ਕੇ ਆਮ ਲੋਕਾਂ ਨੂੰ ਸ਼ਰਮ ਮਹਿਸੂਸ ਹੁੰਦੀ ਸੀ, ਪਰ ਕਿਸੇ ਵੀ ਲੀਡਰ ਨੂੰ ਆਪਣੇ ਭਾਸ਼ਣ ਦੇ ਕਿਸੇ ਹਿੱਸੇ ਉੱਤੇ ਕੋਈ ਸ਼ਰਮ ਮਹਿਸੂਸ ਹੋਈ ਹੋਵੇ, ਇਹੋ ਜਿਹਾ ਪ੍ਰਭਾਵ ਕਿਸੇ ਪਾਸਿਓਂ ਨਹੀਂ ਮਿਲਿਆ।


ਕੋਈ ਵੀ ਸਦਨ ਹੋਵੇ, ਪਾਰਲੀਮੈਂਟ ਜਾਂ ਵਿਧਾਨ ਸਭਾ, ਚਲਾਉਣ ਦੀ ਜ਼ਿਮੇਵਾਰੀ ਆਮ ਕਰ ਕੇ ਰਾਜ ਕਰਦੀ ਧਿਰ ਦੀ ਬਾਕੀਆਂ ਤੋਂ ਵੱਧ ਹੁੰਦੀ ਹੈ। ਪੰਜਾਬ ਵਿੱਚ ਰਾਜ ਕਰਦੀ ਧਿਰ ਕਾਂਗਰਸ ਸੀ, ਇਸ ਲਈ ਬਹੁਤੀ ਜ਼ਿਮੇਵਾਰੀ ਉਸੇ ਦੀ ਬਣਦੀ ਸੀ ਕਿ ਹਾਊਸ ਠੀਕ-ਠਾਕ ਚਲਾਉਣ ਲਈ ਸੁਖਾਵਾਂ ਮਾਹੌਲ ਬਣਾਉਣ ਲਈ ਯਤਨ ਕਰਦੀ। ਇਸ ਕੰਮ ਵਿੱਚ ਉਹ ਕਾਮਯਾਬ ਨਹੀਂ ਹੋਈ ਜਾਂ ਉਸ ਦੀ ਇਹੋ ਜਿਹੀ ਕੋਈ ਨੀਤ ਨਹੀਂ ਸੀ, ਜੋ ਵੀ ਸਮਝਿਆ ਜਾਵੇ, ਮੁੱਕਦੀ ਗੱਲ ਇਹੋ ਹੈ ਕਿ ਮਾਹੌਲ ਸੁਖਾਵਾਂ ਨਹੀਂ ਸੀ ਬਣਿਆ ਤੇ ਬਹਿਸ ਦੇ ਨਾਂਅ ਉੱਤੇ ਬੇਹੂਦਗੀ ਇੱਕ-ਦੂਸਰੇ ਦੇ ਘਰ ਦੇ ਜੀਆਂ ਤੱਕ ਪਹੁੰਚਦੀ ਵੇਖੀ ਗਈ। ਖੁਦ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਬਾਰੇ ਭੱਦੀ ਗੱਲ ਕਹਿ ਦਿੱਤੀ ਤਾਂ ਬਾਕੀਆਂ ਨੂੰ ਸ਼ਰਮ ਦਾ ਛਿੱਕਾ ਲਾਹ ਕੇ ਮਨ-ਆਈਆਂ ਗੱਲਾਂ ਕਹਿਣ ਤੇ ਅੱਗੋਂ ਕਹੀਆਂ ਗੱਲਾਂ ਸੁਣਨ ਦਾ ਮੌਕਾ ਨਸੀਬ ਹੋ ਗਿਆ। ਚੰਗੀ ਗੱਲ ਇਹ ਹੋਈ ਕਿ ਕੁਝ ਮੁੱਦਿਆਂ ਉੱਤੇ ਭਾਜਪਾ ਨੂੰ ਛੱਡ ਕੇ ਹੋਰ ਸਭਨਾਂ ਧਿਰਾਂ ਨੇ ਇੱਕ-ਸੁਰ ਵਿੱਚ ਮਤੇ ਪਾਸ ਕੀਤੇ, ਜਿਨ੍ਹਾਂ ਵਿੱਚ ਬਾਰਡਰ ਸਕਿਓਰਟੀ ਫੋਰਸ (ਬੀ ਐੱਸ ਐੱਫ) ਦਾ ਅਧਿਕਾਰ ਖੇਤਰ ਵਧਾਉਣ ਦਾ ਵਿਰੋਧ ਵੀ ਸ਼ਾਮਲ ਸੀ ਤੇ ਕੇਂਦਰ ਦੇ ਤਿੰਨ ਖੇਤੀਬਾੜੀ ਬਿੱਲਾਂ ਦਾ ਵਿਰੋਧ ਵੀ। ਭਾਜਪਾ ਦੇ ਲੀਡਰਾਂ ਨੂੰ ਆਪਣੇ ਮੁੱਢਾਂ ਤੋਂ, ਜਦੋਂ ਹਾਲੇ ਭਾਜਪਾ ਤਾਂ ਕੀ, ਉਸ ਦੀ ਮਾਂ-ਪਾਰਟੀ ਭਾਰਤੀ ਜਨ ਸੰਘ ਵੀ ਬਣਾਈ ਨਹੀਂ ਸੀ ਗਈ, ਉਸ ਵਕਤ ਤੋਂ ਪੰਜਾਬ ਨਾਲ ਕਦੇ ਹੇਜ ਨਹੀਂ ਰਿਹਾ, ਭਾਰਤ ਮਾਤਾ ਦੇ ਪੁਜਾਰੀ ਹੋਣ ਦਾ ਢੌਂਗ ਕਰਦੇ ਉਨ੍ਹਾਂ ਲੋਕਾਂ ਤੋਂ ਸਿਵਾ ਬਾਕੀ ਸਭ ਧਿਰਾਂ ਦੀ ਇਨ੍ਹਾਂ ਮੁੱਦਿਆਂ ਬਾਰੇ ਏਕਤਾ ਵੀ ਚੰਗੀ ਸੀ। ਇਸ ਏਕਤਾ ਨੂੰ ਭਵਿੱਖ ਵਿੱਚ ਬਚਾਉਣਾ ਹੋਵੇਗਾ, ਜਿਸ ਦੇ ਲਈ ਇਨ੍ਹਾਂ ਸਭ ਧਿਰਾਂ ਨੂੰ ਸਾਂਝ ਦੇ ਪੁਲ ਉਸਾਰਨੇ ਪੈਣਗੇ, ਪਰ ਇਸ ਦੇ ਆਸਾਰ ਬਿਲਕੁਲ ਨਹੀਂ ਦਿੱਸਦੇ।

ਆਸਾਰ ਨਾ ਦਿੱਸਣ ਦਾ ਕਾਰਨ ਇਹ ਵੀ ਹੈ ਕਿ ਇਹ ਗੱਲ ਅੱਠ ਸਾਲ ਲੁਕੀ ਰਹੀ ਹੈ ਕਿ ਜਿਹੜੇ ਕਾਨੂੰਨ ਬਣੇ ਤਾਂ ਕਿਸਾਨਾਂ ਨੂੰ ਦਿੱਲੀ ਦੇ ਬਾਰਡਰਾਂ ਉੱਤੇ ਜਾ ਕੇ ਬਹਿਣਾ ਪਿਆ ਹੈ, ਉਹ ਪੰਜਾਬ ਵਿਧਾਨ ਸਭਾ ਨੇ ਇੱਕ ਬਿੱਲ ਪਾਸ ਕਰ ਕੇ ਪਹਿਲਾਂ ਸਾਲ 2013 ਵਿੱਚ ਬਣਾ ਧਰੇ ਸਨ। ਭਾਰਤ ਦੇ ਖੇਤੀਬਾੜੀ ਮੰਤਰੀ ਨਰਿੰਦਰ ਸਿੰਘ ਤੋਮਰ ਨੇ ਪਿਛਲੀ ਫਰਵਰੀ ਦੇ ਇੱਕ ਦਿਨ ਪਾਰਲੀਮੈਂਟ ਵਿੱਚ ਇਹ ਆਖਿਆ ਕਿ ਸਾਡਾ ਬਣਾਇਆ ਠੇਕਾ ਖੇਤੀ ਕਾਨੂੰਨ ਚੁਭਦਾ ਹੈ, ਪਰ ਇੱਦਾਂ ਦਾ ਕਾਨੂੰਨ ਪੰਜਾਬ ਸਰਕਾਰ 2013 ਵਿੱਚ ਪਾਸ ਕਰ ਚੁੱਕੀ ਹੈ, ਉਸ ਨੂੰ ਪੜ੍ਹ ਕੇ ਵੇਖ ਲਵੋ, ਉਸ ਨਾਲੋਂ ਕੌਮਾ-ਬਿੰਦੀ ਤੱਕ ਵੀ ਫਰਕ ਨਹੀਂ ਲੱਭੇਗਾ। ਉਸ ਨੇ ਇਹ ਗੱਲ ਨਾ ਕਹੀ ਹੁੰਦੀ ਤਾਂ ਪੰਜਾਬ ਵਿੱਚ ਕੁਝ ਚੋਣਵੇਂ ਸੂਝਵਾਨ ਪੱਤਰਕਾਰਾਂ ਤੋਂ ਬਿਨਾਂ ਕੋਈ ਵੀ ਇਹ ਨਹੀਂ ਸੀ ਜਾਣਦਾ ਕਿ ਏਦਾਂ ਦਾ ਕੋਈ ਕਾਨੂੰਨ ਪੰਜਾਬ ਸਰਕਾਰ ਨੇ ਬਣਾਇਆ ਸੀ। ਮੈਨੂੰ ਇਹ ਮੰਨਣ ਵਿੱਚ ਕੋਈ ਵੀ ਹਰਜ਼ ਨਹੀਂ ਕਿ ਇਸ ਕਾਨੂੰਨ ਦੀ ਜਾਣਕਾਰੀ ਰੱਖਦੇ 'ਸੂਝਵਾਨ' ਪੱਤਰਕਾਰਾਂ ਵਿੱਚ ਮੈਂ ਨਹੀਂ ਸੀ, ਪਤਾ ਨਹੀਂ ਕਿਸ ਤਰ੍ਹਾਂ ਉਸ ਵਕਤ ਰੌਲੇ-ਗੌਲੇ ਵਿੱਚ ਇਹ ਪਾਸ ਕੀਤਾ ਗਿਆ ਤੇ ਕਿਸੇ ਵੀ ਮੀਡੀਆ ਬਹਿਸ ਜਾਂ ਕਿਸਾਨ ਜਥੇਬੰਦੀਆਂ ਦੇ ਵਿਰੋਧ ਦਾ ਕੋਈ ਮੁੱਦਾ ਤੱਕ ਨਹੀਂ ਸੀ ਬਣ ਸਕਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਅੱਜ ਜਿਹੜੇ ਲੀਡਰ ਕੇਂਦਰੀ ਕਾਨੂੰਨਾਂ ਦਾ ਵਿਰੋਧ ਕਰਦੇ ਪਏ ਹਨ, ਉਨ੍ਹਾਂ ਵਿੱਚੋਂ ਕਈਆਂ ਨੇ ਓਦੋਂ ਪੰਜਾਬ ਵਿਧਾਨ ਸਭਾ ਵਿੱਚ ਇਹ ਬਿੱਲ ਪਾਸ ਕਰ ਕੇ ਆਪਣੇ ਰਾਜ ਦੇ ਕਿਸਾਨਾਂ ਦੀ ਸੰਘੀ ਦੁਆਲੇ ਰੱਸਾ ਕੱਸਣ ਦਾ ਕੰਮ ਖੁਦ ਵੀ ਕੀਤਾ ਹੋਇਆ ਸੀ। ਓਦੋਂ ਪਾਸ ਹੋਏ ਇਸ ਕਾਨੂੰਨ ਦੀ ਚਰਚਾ ਚੱਲੀ ਤਾਂ ਵਿਧਾਨ ਸਭਾ ਵਿੱਚ ਸਵਾਲ ਉੱਠ ਪਿਆ ਕਿ ਜਦੋਂ ਇਹ ਬਿੱਲ ਪਾਸ ਕੀਤਾ ਸੀ, ਓਦੋਂ ਜਿਹੜੇ ਲੀਡਰਾਂ ਨੇ ਇਸ ਦੀ ਵਕਾਲਤ ਕੀਤੀ ਸੀ ਤੇ ਜਿਹੜੇ ਲੀਡਰਾਂ ਨੇ ਇਸ ਦੀ ਹਮਾਇਤ ਕੀਤੀ ਸੀ, ਉਹ ਆਪਣੇ ਗੁਨਾਹਾਂ ਦਾ ਅਹਿਸਾਸ ਕਦੋਂ ਕਰਨਗੇ? ਜਦੋਂ ਪਹਿਲਾਂ ਕਦੇ ਏਦਾਂ ਦਾ ਅਹਿਸਾਸ ਕਿਸੇ ਨਹੀਂ ਸੀ ਕੀਤਾ ਤਾਂ ਇਸ ਵਾਰੀ ਵੀ ਕਿਸ ਨੇ ਨਹੀਂ ਕਰਨਾ ਸੀ, ਪਰ ਇਸ ਨਾਲ ਲੋਕਾਂ ਨੂੰ ਆਪਣੇ ਰਾਜ ਦੀ ਲੀਡਰਸ਼ਿਪ ਦੇ ਕਿਰਦਾਰ ਦੀ ਝਲਕ ਮਿਲ ਗਈ।

ਬਹੁਤ ਵੱਡੇ ਮੁੱਦਿਆਂ ਵਿੱਚੋਂ ਜੇ ਖੇਤੀਬਾੜੀ ਕਾਨੂੰਨਾਂ ਦੇ ਮਾਮਲੇ ਵਿੱਚ ਲੀਡਰਸ਼ਿਪ ਦੇ ਦੋਹਰੇ ਕਿਰਦਾਰ ਦੀ ਝਲਕ ਪੰਜਾਬ ਦੇ ਲੋਕਾਂ ਨੂੰ ਮਿਲ ਗਈ ਤਾਂ ਦੂਸਰੇ ਵੱਡੇ ਮੁੱਦੇ ਬਿਜਲੀ ਕੰਪਨੀਆਂ ਨਾਲ ਸਮਝੌਤਿਆਂ ਕਾਰਨ ਵੀ ਲੀਡਰਸ਼ਿਪ ਦਾ ਦੋਹਰਾ ਕਿਰਦ-ਾਰ ਲੋਕਾਂ ਸਾਹਮਣੇ ਆ ਗਿਆ। ਜਦੋਂ ਬਿਜਲੀ ਸਮਝੌਤੇ ਹੋਏ ਸਨ ਤੇ ਉਨ੍ਹਾਂ ਨਾਲ ਪੰਜਾਬ ਦੇ ਖਜ਼ਾਨੇ ਦੀ ਲੁੱਟ ਕਰਨ ਲਈ ਉਨ੍ਹਾਂ ਕੰਪਨੀਆਂ ਨੂੰ ਬਾਕੀ ਸਭ ਰਾਜਾਂ ਨਾਲ ਕੀਤੇ ਸਮਝੌਤਿਆਂ ਤੋਂ ਵੱਧ ਖੁੱਲ੍ਹਾ ਮੌਕਾ ਦਿੱਤਾ ਗਿਆ ਸੀ, ਓਦੋਂ ਵੀ ਪੰਜਾਬ ਦੀ ਕਿਸੇ ਸਿਆਸੀ ਪਾਰਟੀ ਨੇ ਇਸ ਦਾ ਸਿੱਧਾ ਵਿਰੋਧ ਨਹੀਂ ਸੀ ਕੀਤਾ। ਆਮ ਆਦਮੀ ਪਾਰਟੀ ਤਾਂ ਓਦੋਂ ਹਾਲੇ ਬਣੀ ਨਹੀਂ ਸੀ, ਬਣੀ ਹੁੰਦੀ ਤਾਂ ਉਸ ਦੇ ਕਿਰਦਾਰ ਦਾ ਪਤਾ ਵੀ ਲੱਗ ਜਾਂਦਾ, ਪਰ ਉਸ ਵੇਲੇ ਦੀਆਂ ਰਾਜਸੀ ਖੇਤਰ ਦੀਆਂ ਬਾਕੀ ਸਾਰੀਆਂ ਧਿਰਾਂ ਵਿੱਚੋਂ ਕੋਈ ਇੱਕ ਵੀ ਇਹੋ ਜਿਹੀ ਲੱਭਣੀ ਔਖੀ ਹੈ, ਜਿਸ ਨੇ ਲੋਕ-ਹਿੱਤਾਂ ਦਾ ਕਿਸੇ ਤਰ੍ਹਾਂ ਧਿਆਨ ਰੱਖਿਆ ਹੋਵੇ। ਚਰਚਾ ਇਹ ਹੈ ਕਿ ਉਸ ਵਕਤ ਇਨ੍ਹਾਂ ਬਿਜਲੀ ਕੰਪਨੀਆਂ ਨੇ ਮੰਤਰੀਆਂ ਤੋਂ ਅਫਸਰਾਂ ਤੱਕ ਅਤੇ ਵਿਧਾਨ ਸਭਾ ਵਿੱਚ ਸਮਝੌਤਿਆਂ ਦਾ ਵਿਰੋਧ ਹੋਣ ਤੋਂ ਰੋਕਣ ਲਈ ਚੋਣਵੇਂ ਪ੍ਰਭਾਵਸ਼ਾਲੀ ਵਿਧਾਇਕਾਂ ਤੱਕ ਵੀ ਪਹੁੰਚ ਕੀਤੀ ਸੀ ਤੇ ਇਹੋ ਕਾਰਨ ਸੀ ਕਿ 'ਢੱਕੀ ਰਿੱਝੇ ਤੇ ਕੋਈ ਨਾ ਬੁੱਝੇ' ਵਾਲਾ ਮਾਹੌਲ ਏਨੇ ਸਾਲ ਬਣਿਆ ਰਿਹਾ ਸੀ।

ਅੱਜ ਜਦੋਂ ਉਸ ਵੇਲੇ ਪਾਸ ਕੀਤੇ ਗਏ ਕਾਂਟਰੈਕਟ ਫਾਰਮਿੰਗ ਕਾਨੂੰਨ ਜਾਂ ਬਿਜਲੀ ਸਮਝੌਤਿਆਂ ਬਾਰੇ ਸਾਰਾ ਕੁਸੈਲਾ ਸੱਚ ਬਾਹਰ ਆਉਣ ਲੱਗ ਪਿਆ ਹੈ ਤਾਂ ਇਹੋ ਜਿਹਾ ਨਿਰਣਾ ਕਰਨਾ ਔਖਾ ਹੈ ਕਿ 'ਨਿੰਦਣ-ਸਲਾਹੁਣ ਵਾਲਾ ਕਿਹੜਾ ਹੈ"! 'ਜੋ ਨਾ ਡਿੱਠਾ, ਸੋਈਓ ਮਿੱਠਾ' ਦੀ ਕਹਾਵਤ ਕਾਰਨ ਅੱਜ ਆਮ ਆਦਮੀ ਪਾਰਟੀ ਇਸ ਕਾਲਖ ਤੋਂ ਬਚੀ ਹੋਈ ਲੱਭਦੀ ਹੈ, ਕਿਉਂਕਿ ਓਦੋਂ ਹਾਲੇ ਇਹ ਬਣੀ ਨਹੀਂ ਸੀ, ਬਣੀ ਹੁੰਦੀ ਤਾਂ ਪੰਜਾਂ ਸਾਲਾਂ ਵਿੱਚ ਤਿੰਨ-ਤਿੰਨ ਵਾਰ ਦਲ-ਬਦਲੀ ਕਰਨ ਵਾਲੇ ਇਸ ਪਾਰਟੀ ਦੇ ਲੀਡਰਾਂ ਨੇ ਕੀ ਚੰਦ ਚਾੜ੍ਹਿਆ ਹੋਣਾ ਸੀ, ਇਸ ਬਾਰੇ ਵੀ ਅਸੀਂ ਅੰਦਾਜ਼ਾ ਲਾ ਸਕਦੇ ਹਾਂ। ਪੰਜਾਬ ਦੇ ਲੋਕ ਅਗਲੇ ਮਹੀਨਿਆਂ ਵਿੱਚ ਆਪਣੇ ਰਾਜ ਦੀ ਕਮਾਨ ਸੰਭਾਲਣ ਵਾਲੀ ਨਵੀਂ ਲੀਡਰਸ਼ਿਪ ਦੀ ਚੋਣ ਕਰਨ ਵਾਲੇ ਹਨ ਤਾਂ ਇਸ ਮੌਕੇ ਬੜਾ ਕੁਝ ਸੋਚਣ ਦੀ ਲੋੜ ਹੈ। ਈਮਾਨ ਦੇ ਪੁਤਲੇ ਲੱਭਣੇ ਔਖੇ ਤਾਂ ਹਨ, ਪਰ ਮੁੱਕ ਨਹੀਂ ਗਏ। ਅੱਜ ਵੀ ਕੁਝ ਲੀਡਰ ਇਹੋ ਜਿਹੇ ਹੋ ਸਕਦੇ ਹਨ, ਜਿਹੜੇ ਆਮ ਲੋਕਾਂ ਦੀ ਮਿਹਨਤ ਦੀ ਕਮਾਈ ਉੱਤੇ ਅੱਖ ਰੱਖਣ ਵਿੱਚ ਕੁਝ ਸ਼ਰਮ ਕਰ ਸਕਦੇ ਹੋਣ, ਪਰ ਜੇ ਏਦਾਂ ਦੇ ਨਾ ਲੱਭਣ ਤਾਂ ਵੋਟਾਂ ਫਿਰ ਵੀ ਪਾਉਣੀਆਂ ਹਨ। ਏਦਾਂ ਦੇ ਹਾਲਾਤ ਵਿੱਚ ਸਾਨੂੰ ਕਿਹੋ ਜਿਹਾ ਫੈਸਲਾ ਕੀ ਸੋਚ ਕੇ ਕਰਨ ਦੀ ਲੋੜ ਹੈ, ਇਹ ਸਿਰਫ ਬੀਤੇ ਦੇ ਤਜਰਬੇ ਤੋਂ ਸਿੱਖਿਆ ਜਾ ਸਕਦਾ ਹੈ।

# ਖਾਲਸਾ ਰਾਜ ਦਾ ਮਹਾਨ ਸਿਰਜਣਹਾਰਾ- ਮਹਾਰਾਜਾ ਰਣਜੀਤ ਸਿੰਘ



ਅੱਜ ਹੀ ਦੇ ਦਿਨ 13 ਨਵੰਬਰ 1780 ਨੂੰ ਪਿਤਾ ਮਹਾਂ ਸਿੰਘ ਤੇ ਮਾਤਾ ਰਾਜ ਕੌਰ ਦੀ ਕੁਖੋਂ, ਜਾਲਮ ਮੁਗਲ ਸ਼ਾਸਨ ਦਾ ਖਾਤਮਾ ਕਰਕੇ, ਖਾਲਸਾ ਰਾਜ ਸਥਾਪਿਤ ਕਰਨ ਵਾਲੇ, ਸ਼ੇਰ-ਏ-ਪੰਜਾਬ 'ਮਹਾਰਾਜਾ ਰਣਜੀਤ ਸਿੰਘ' ਦਾ ਜਨਮ ਆਪਣੇ ਨਾਨਕੇ ਪਿੰਡ ਬਡਰੁੱਖਾਂ ਜਿਲਾ ਸੰਗਰੂਰ ਵਿਖੇ ਹੋਇਆ, ਜਦਕਿ ਉਨਾਂ ਦਾ ਜੱਦੀ ਪਿੰਡ ਗੁੱਜਰਾਂਵਾਲਾ (ਪਾਕਿਸਤਾਨ) ਸੀ । ਪਿਤਾ ਮਹਾਂ ਸਿੰਘ, ਸੁੱਕਰਚੱਕੀਆ ਮਿਸਲ ਦੇ ਜੱਥੇਦਾਰ ਸਨ। ਚੇਚਕ ਦੀ ਬੀਮਾਰੀ ਨੇ ਭਾਵੇਂ ਬਚਪਨ ਚ ਹੀ ਇਸ ਮਹਾਨਾਇਕ ਦੀ ਖੱਬੀ ਅੱਖ, ਹਮੇਸ਼ਾ ਲਈ ਖੋਹ ਕੇ ਚੇਚਕ ਦੇ ਨਿਸ਼ਾਨਾਂ ਨਾਲ ਚੇਹਰਾ ਭਰ ਦਿੱਤਾ ਪਰ ਬੁਲੰਦ ਹੌਂਸਲੇ ਦੇ ਮਾਲਕ ਇਸ ਸ਼ੇਰ ਨੇਂ, ਯੁੱਧਕਲਾ, ਤਲਵਾਰਬਾਜ਼ੀ ਤੇ ਘੋੜ ਸਵਾਰੀ ਚ ਬਹੁਤ ਛੋਟੀ ਉਮਰ ਚ ਈ, ਅਸਾਧਾਰਨ ਨਿਪੁੰਨਤਾ ਹਾਸਲ ਕਰ ਲਈ ਸੀ। ਸਿਰਫ 10 ਸਾਲ ਦੀ ਉਮਰ ਵਿੱਚ ਈ, ਆਪਣੇ ਪਿਤਾ ਦੇ ਨਾਲ, ਉਹ ਸਿਰਫ ਯੁੱਧ ਵਿੱਚ ਹਿੱਸਾ ਈ ਨੀਂ ਲੈਣ ਲੱਗ ਪਏ ਸਗੋਂ ਤਿੰਨ ਜਿੱਤਾਂ ਵੀ ਹਾਸਲ ਕੀਤੀਆਂ, ਹਾਲਾਂਕਿ ਉਹਨਾਂ ਦਾ ਪਹਿਲਾ ਨਾਮ ਬੁੱਧ ਸਿੰਘ ਸੀ ਪਰ ਇੰਨਾਂ ਜਿੱਤਾਂ ਕਾਰਨ, ਆਪਦੇ ਪਿਤਾ ਜੀ ਨੇ ਆਪ ਦਾ ਨਾਮ 'ਰਣਜੀਤ ਸਿੰਘ' ਰੱਖ ਦਿੱਤਾ ਸੀ ਤੇ ਆਪ ਨੇ ਅੱਗੇ ਚੱਲ ਕੇ ਇਸ ਨਾਮ ਨੂੰ ਇਸ ਤਰਾਂ ਸਾਬਤ ਕਰ ਦਿਖਾਇਆ ਕਿ ਅੱਜ ਰਣਜੀਤ ਸਿੰਘ, ਖਾਸ ਨਾਂਅ ਦੀ ਥਾਂ ਦਲੇਰਾਂ ਲਈ ਜਾਤੀਵਾਚਕ ਨਾਂਅ ਵਜੋਂ ਜਾਣਿਆ ਜਾਂਦਾ ਏ ।

ਰਣਜੀਤ ਸਿੰਘ ਦੀ ਉਮਰ 12 ਸਾਲ ਈ ਸੀ ਕਿ ਪਿਤਾ ਦੀ ਮੌਤ ਹੋ ਗਈ। ਇਹ ਦਲੇਰ, ਬਹਾਦਰ ਜਰਨੈਲ ਘਬਰਾਇਆ ਨਹੀਂ ਸਗੋਂ ਉਹਨਾਂ ਪੂਰੇ ਹੌਂਸਲੇ ਤੇ ਜੋਸ਼ ਨਾਲ ਮਹਾਨ ਮਾਤਾ ਰਾਜ ਕੌਰ ਦੀ ਰਹਿਨੁਮਾਈ ਤੇ ਦੀਵਾਨ ਲਖਪਤ ਰਾਏ ਦੇ ਸਾਥ ਨਾਲ, ਸੁਕਰਚਕੀਆ ਮਿਸਲ ਦੇ ਮੁਖੀ ਦਾ ਅਹੁਦਾ ਸੰਭਾਲ ਲਿਆ। ਸਾਲ ਕੁ ਬਾਅਦ ਈ ਕਿਸੇ ਨੇਂ ਧੋਖੇ ਨਾਲ ਹਮਲਾ ਕਰਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ ਪਰ ਦਲੇਰ ਰਣਜੀਤ ਸਿੰਘ ਨੇ ਬਹਾਦਰੀ ਨਾਲ ਮੁਕਾਬਲਾ ਕਰਦਿਆਂ ਉਸ ਹਮਲਾਵਰ ਦਾ ਈ ਖਾਤਮਾ ਕਰ ਦਿੱਤਾ। ਕੁਝ ਕੁ ਸਾਲਾਂ ਬਾਅਦ ਮਾਂ ਦੀ ਵੀ ਮੌਤ ਹੋ ਗਈ ਤੇ ਦੀਵਾਨ ਲਖਪਤ ਰਾਏ ਦਾ ਵੀ ਕਤਲ ਹੋ ਗਿਆ ਪਰ ਸਿੱਖ ਧਰਮ ਚ ਡੂੰਘੀ ਆਸਥਾ ਰੱਖਣ ਵਾਲਾ ਇਹ ਸੂਰਮਾ ਉਦੋਂ ਤੀਕ ਪੂਰੇ ਖਾਲਸਾ ਰਾਜ ਨੂੰ ਇਕੱਠੇ ਕਰਨ ਦਾ ਪੂਰੀ ਸਿਰੜ ਤੇ ਬੁਲੰਦ ਹੌਂਸਲੇ ਨਾਲ ਪੱਕਾ ਸੰਕਲਪ ਲੈ ਚੁੱਕਾ ਸੀ।

ਮਹਾਰਾਜਾ ਰਣਜੀਤ ਸਿੰਘ ਨੇਂ ਮੁਲਤਾਨ, ਪੇਸ਼ਾਵਰ, ਜੰਮੂ ਕਸ਼ਮੀਰ ਅਤੇ ਕਈ ਹੋਰ ਇਲਾਕੇ ਬਹਾਦਰੀ ਨਾਲ ਜਿੱਤੇ ਤੇ 1799 ਈ ਵਿੱਚ ਲਾਹੌਰ ਜਿੱਤ ਕੇ, ਮਹਾਨ ਖਾਲਸਾ ਰਾਜ ਦੀ ਸਥਾਪਨਾ ਕੀਤੀ। ਮਹਾਰ-ਾਜਾ ਨੇ ਆਪਣੇ ਰਾਜ ਦਾ ਬਹੁਤ ਵਿਸਤਾਰ ਕੀਤਾ ਪਰ ਮਹਾਰਾਜਾ ਰਣਜੀਤ ਸਿੰਘ ਜਿਸ ਸ਼ੌਂਕ ਤੇ ਤੇਜੀ ਨਾਲ ਕਿਸੇ ਇਲਾਕੇ ਨੂੰ ਫਤਿਹ ਕਰਦੇ, ਉਨੀ ਹੀ ਤੀਬਰਤਾ ਨਾਲ ਜਿੱਤੇ ਹੋਏ ਇਲਾਕਿਆਂ ਲਈ ਸੁਚੱਜੇ ਰਾਜ ਪ੍ਰਬੰਧ ਕਰਨਾ ਵੀ ਉਹਨਾਂ ਦੀ ਬਾਕਮਾਲ ਖਾਸੀਅਤ ਸੀ ।

ਉਹਨਾਂ ਅੰਮ੍ਰਿਤਸਰ ਸਾਹਿਬ ਵਿੱਖੇ ਸਥਿਤ ਪਵਿੱਤਰ ਹਰਿਮੰਦਰ ਸਾਹਿਬ ਨੂੰ ਸੋਨੇ ਨਾਲ ਜੜਵਾ ਦਿੱਤਾ। ਹਾਲਾਂਕਿ ਮਹਾਰਾਜਾ ਰਣਜੀਤ ਸਿੰਘ ਆਪ ਸਿੱਖ ਧਰਮ ਨਾਲ ਸਬੰਧਤ ਸਨ ਤੇ ਸਿੱਖ ਧਰਮ ਨੂੰ ਸਮਰਪਿਤ ਸਨ, ਪਰ ਇਤਿਹਾਸ ਚ ਕੋਈ ਵੀ ਅਜਿਹਾ ਸਾਸ਼ਕ ਜਾਂ ਸਰਕਾਰ ਨਹੀਂ ਹੋਈ, ਜਿਸ ਨੇ ਮਹਾਰਾਜਾ ਰਣਜੀਤ ਸਿੰਘ ਵਰਗਾ ਧਰਮ ਨਿਰਪੱਖ ਤੇ ਨਿਆਂਪੂਰਨ ਰਾਜ ਪ੍ਰਬੰਧ ਕੀਤਾ ਹੋਵੇ। ਮਹਾਰਾਜਾ ਆਪ ਅਕਸਰ ਕਹਿੰਦੇ ਸਨ ਕਿ, ਰੱਬ ਨੇਂ ਉਨਾਂ ਨੂੰ ਇਕ ਈ ਅੱਖ ਦਿੱਤੀ ਏ ਤਾਂ ਜੋ ਉਹ ਹਰੇਕ ਧਰਮ, ਖੇਤਰ ਤੇ ਜਾਤੀ ਦੇ ਵਿਅਕਤੀ ਨੂੰ ਬਿਨਾਂ ਕਿਸੇ ਭੇਦਭਾਵ ਦੇ, ਹਮੇਸ਼ਾ ਇਕ ਅੱਖ ਨਾਲ ਈ ਦੇਖਣ।

ਸ਼ੇਰ-ਏ-ਪੰਜਾਬ, ਮਹਾਰਾਜਾ ਰਣਜੀਤ ਸਿੰਘ ਦੇ ਮਹਾਨ ਖਾਲਸਾ ਰਾਜ ਨੇਂ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਨੂੰ ਇੱਕੋ ਮਾਲਾ ਵਿੱਚ ਪਰੋਣ ਦਾ, ਅਸੰਭਵ ਜਾਪਦਾ ਮਹੱਤਵਪੂਰਣ ਕੰਮ ਸਹਿਜੇ-ਸਹਿਜੇ ਈ ਕਰ ਦਿੱਤਾ ਸੀ, ਕਿਉਂਕਿ ਮਹਾਰਾਜਾ ਬਹੁਤ ਹੀ ਨਿਮਰ ਸੁਭਾਅ ਦੇ ਧਰਮ ਨਿਰਪੱਖ ਇਨਸਾਨ ਸਨ।




ਉਹਨਾਂ ਦੇ ਰਾਜ ਵਿੱਚ ਅਹੁਦੇ ਕਾਬਲੀਅਤ ਅਨੁਸਾਰ ਹੀ ਮਿਲਦੇ ਸਨ, ਇਸੇ ਲਈ ਮਹਾਰਾਜਾ ਦੇ ਰਾਜ ਵਿੱਚ ਵੱਡੇ ਅਹੁਦਿਆਂ ਤੇ ਹਿੰਦੂਆਂ ਤੇ ਮੁਸਲਮਾਨਾਂ ਦੀ ਨਿਯੁਕਤੀ ਸੀ । ਮਹਾਰਾਜਾ ਆਪਣੇ ਆਪ ਨੂੰ ਮਹਾਰ-ਾਜਾ ਨਹੀਂ ਸਗੋਂ, ਸਿੰਘ ਸਾਹਿਬ ਅਖਵਾਉਣਾ, ਜਿਆਦਾ ਪਸੰਦ ਕਰਦੇ ਸਨ ਤੇ ਉਹਨਾਂ ਕਦੇ ਕਲਗੀ ਵੀ ਨਹੀਂ ਸਜਾਈ ਪਰ ਇਨਸਾਨ ਦੀ ਪਰਖ ਕਰਨ ਚ ਉਹ ਸੱਚਮੁੱਚ ਦੇ ਰਾਜਾ ਸਨ, ਇਸੇ ਲਈ ਉਹਨਾਂ, ਦੀਵਾਨ ਮੋਹਕਮ ਚੰਦ, ਹਰਿ ਸਿੰਘ ਨਲੂਵਾ ਤੇ ਖਾਲਸਾ ਰਾਜ ਦੇ ਹੋਰ ਮਹਾਂਪੁਰਖਾਂ ਨੂੰ ਵੱਡੇ-ਵੱਡੇ ਅਹੁਦਿਆਂ ਨਾਲ ਨਿਵਾਜਿਆ। ਜਨਤਾ ਦੇ ਭਲੇ ਲਈ, ਜਿੱਥੇ ਉਹ ਆਪ ਅਕਸਰ ਭੇਸ ਬਦਲ ਕੇ, ਆਮ ਲੋਕਾਂ ਦੇ ਵਿੱਚ ਪਹੁੰਚ, ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕਰਦੇ ਸਨ, ਨਿਆਂਪੂਰਨ ਰਾਜ ਪ੍ਰਬੰਧ ਚਲਾਉਂਦੇ ਤੇ ਉੱਥੇ ਹੀ ਆਪਣੀ ਫ਼ੌਜ ਦਾ ਵੀ ਆਧੁਨਿਕੀਕਰਨ ਕਰਦੇ ਹੋਏ ਅੰਗ੍ਰੇਜ਼ੀ ਅਫ਼ਸਰਾਂ ਤੱਕ ਦਾ ਵੀ ਪ੍ਰਬੰਧ ਕੀਤਾ। ਜਿਵੇਂ-ਜਿਵੇਂ ਰਾਜ ਵੱਧਦਾ ਗਿਆ, ਮਹਾਰਾਜਾ ਨੇ ਆਪਣੀ ਸੈਨਾ ਦੀ ਗਿਣਤੀ ਵਧਾਉਣ ਦੇ ਨਾਲ-ਨਾਲ, ਹਥਿਆਰਾਂ ਤੇ ਹੋਰ ਯੁੱਧ ਕਰਨ ਦੇ ਸਮਾਨ ਦੇ ਨਿਰਮਾਣ ਲਈ ਕਾਰਖਾਨੇ ਵੀ ਲਗਵਾਏ। ਮਹਾਰਾਜਾ ਰਣਜੀਤ ਸਿੰਘ ਨੇ ਜਜ਼ੀਆ ਟੈਕਸ ਖ਼ਤਮ ਕਰਕੇ, ਆਮ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਤੇ ਨਾਲ ਹੀ ਮੁਗਲ ਸਾਸ਼ਕਾਂ ਦੁਆਰਾਂ ਛੋਟੇ-ਮੋਟੇ ਅਪਰਾਧਾਂ ਲਈ, ਅੰਗ ਕੱਟਣ ਤੇ ਫਾਂਸੀ ਦੇਣ ਵਰਗੀਆਂ ਅਣਮਨੁੱਖੀ ਸਜਾਵਾਂ ਤੇ ਤੁਰੰਤ ਰੋਕ ਲਗਾ ਕੇ, ਅੰਨੇਵਾਹ ਸਰਕਾਰੀ ਤਸ਼ੱਦਦ ਤੋਂ ਲੋਕਾਂ ਨੂੰ ਆਜ਼ਾਦ ਕਰਵਾ ਕੇ, ਇੱਕ ਵਿਲੱਖਣ ਰਾਜ ਪ੍ਰਬੰਧ ਚਲਾਇਆ।

ਉਸ ਲਗਭਗ 45 ਕੁ ਸਾਲਾਂ ਦੇ ਲੰਬੇ ਖਾਲਸਾਈ ਰਾਜ ਚ ਮਹਾਰਾਜਾ ਰਣਜੀਤ ਸਿੰਘ ਦੀ ਮਕਬੂਲੀਅਤ ਇੰਨੀ ਸੀ ਕਿ ਸ਼ਾਇਦ ਈ ਕਿਸੇ ਨੂੰ ਮੌਤ ਦੀ ਸਜਾ ਦਿੱਤੀ ਗਈ ਹੋਵੇ। ਬਿਨਾਂ ਕਿਸੇ ਸਖਤ ਸਜਾ ਤੋਂ ਇੰਨੇ ਵੱਡੇ ਖੇਤਰ ਦਾ ਰਾਜ ਪ੍ਰਬੰਧ, ਇੰਨੀ ਚੰਗੀ ਤਰਾਂ ਨਾਲ ਚਲਾਉਣ ਦੀ ਅੱਜ ਤੱਕ ਕੋਈ ਹੋਰ ਉਦਹਾਰਣ ਮਿਲਣਾ, ਨਾਮੁਮਕਿਨ ਹੈ। ਉਹਨਾਂ ਜਿੱਥੇ ਪਿੰਡਾ-ਕਸਬਿਆਂ ਚ ਛੋਟੇ-ਮੋਟੇ ਵਿਵਾਦਾਂ ਲਈ, ਸਭ ਵਰਗਾਂ ਦੀਆਂ ਸਾਂਝੀਆਂ ਪੰਚਾਇਤਾਂ ਦਾ ਗਠਨ ਕਰਨ ਵਰਗੇ ਮਹੱਤਵਪੂਰਨ ਕੰਮ ਕੀਤੇ, ਉਥੇ ਈ ਨੌਜਵਾਨਾਂ ਦੀ ਸਿਹਤ ਤੇ ਤੰਦਰੁਸਤੀ ਲਈ ਵੀ ਵੱਡੇ ਉਪਰਾਲੇ ਕੀਤੇ। ਆਪ ਘੱਟ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਸਰਕਾਰੀ ਆਦੇਸ਼ ਲਿਖਤੀ ਰੂਪ ਚ ਜਾਰੀ ਕਰਨ ਦੀ ਸ਼ੁਰੂਆਤ ਵੀ, ਉਹਨਾਂ ਈ ਕੀਤੀ ਸੀ ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਸਿੱਕੇ ਚਲਾਉਣਾ ਵੀ ਉਹਨਾਂ ਦੇ ਖਾਸ ਕਾਰਜਾਂ ਚੋਂ ਇਕ ਸੀ । ਲੋਕ ਸਰਕਾਰੀ ਮਾਲੀਆ ਜਿੱਥੇ ਆਪ ਮੁਹਾਰੇ ਆਸਾਨੀ ਨਾਲ ਜਮਾ ਕਰਵਾਉਣ ਆਉਂਦੇ, ਉੱਥੇ ਹੀ ਹੜਾਂ ਜਾਂ ਸੋਕੇ ਵਰਗੀਆਂ ਆਪਦਾਵਾਂ ਵਿੱਚ ਮਹਾਰਾਜਾ ਆਪਣੇ ਭੰਡਾਰ, ਆਮ ਲੋਕਾਂ ਲਈ ਖੋਲ੍ਹ ਦਿੰਦੇ, ਹਾਲਾਂਕਿ ਕਿਹਾ ਤਾਂ ਇੱਥੋਂ ਤੀਕਰ ਜਾਂਦਾ ਏ ਕਿ ਮਹਾਰਾਜਾ ਆਪ ਭੇਸ ਬਦਲ ਅਸਹਾਯ ਲੋਕਾਂ ਦੇ ਘਰਾਂ ਤੀਕ ਬੋਰੀਆਂ ਆਪਣੇ ਪਿੰਡੇ ਤੇ ਰੱਖ ਪਹੁੰਚਾਉਂਦੇ ਰਹੇ ਨੇਂ। ਮਹਾਰਾਜਾ ਰਣਜੀਤ ਸਿੰਘ ਦੀਆਂ ਕਈ ਰਾਣੀਆਂ ਸਨ, ਪਰ ਸਾਨੂੰ ਇੱਕ ਗੱਲ ਚੇਤੇ ਰੱਖਣ ਦੀ ਖਾਸ ਲੋੜ ਏ ਕਿ ਮਹਾਰਾਜਾ ਰਣਜੀਤ ਸਿੰਘ ਕੋਈ ਗੁਰੂ ਜਾਂ ਸੰਤ ਨਹੀਂ ਸਨ, ਉਹ ਇਕ ਵੱਡੀ ਸਲਤਨਤ ਦੇ ਆਜਾਦ ਮਹਾਰ-ਾਜਾ ਸਨ। ਇਸ ਮਹਾਨਾਇਕ ਦਾ ਇਤਿਹਾਸ ਲਿਖਦਿਆਂ-ਪੜ੍ਹਦਿਆਂ ਕੁਝ ਕੁ ਲੋਕਾਂ ਨੇਂ , ਮਹਾਰਾਜਾ ਰਣਜੀਤ ਸਿੰਘ ਦੀਆਂ ਕਈ ਰਾਣੀਆਂ ਦੇ ਜਿਕਰ ਕਰਨ ਨੂੰ ਜਿੰਨੀ ਤਵੱਜੋ ਦਿੱਤੀ ਏ, ਉਨੀਂ ਖਾਲਸਾ ਰਾਜ ਪ੍ਰਬੰਧ ਨੂੰ ਨਹੀਂ ਦਿੱਤੀ, ਜਦਕਿ ਉਨਾਂ ਵੇਲਿਆਂ ਵਿੱਚ ਰਾਜੇ ਆਮ ਈ ਕਈ-ਕਈ ਰਾਣੀਆਂ ਰੱਖਦੇ ਸਨ। ਇਸ ਪਿੱਛੇ ਹਮੇਸ਼ਾ ਅਨੈਤਿਕਤਾ ਜਾਂ ਚਰਿੱਤਰਹੀਣਤਾ ਹੀ ਕਾਰਣ ਨਹੀਂ ਹੁੰਦੀ ਸੀ ਸਗੋਂ ਜਿੱਤੇ ਹੋਏ ਇਲਾਕਿਆਂ ਦੇ ਲੋਕਾਂ ਚ ਵਿਸ਼ਵਾਸ ਕਾਇਮ ਕਰਨ ਹਿੱਤ, ਰਾਜ ਪ੍ਰਬੰਧ ਸੁਚੱਜੇ ਢੰਗ ਨਾਲ ਚਲਾਉਣ ਹਿੱਤ ਵੀ ਰਾਜਿਆਂ ਵੱਲੋਂ, ਬਹੁ-ਵਿਆਹ ਕੀਤੇ ਜਾਂਦੇ ਸਨ ਤੇ ਇਹ ਵਰਤਾਰਾ ਉਸ ਸਮੇਂ ਦੇ ਰਾਜਸੀ ਸਭਿਆਚਾਰ ਦਾ ਪ੍ਰਮੁੱਖ ਹਿੱਸਾ ਵੀ ਸੀ।

1839 ਈ ਵਿੱਚ ਲੰਬੇ ਸਮੇਂ ਰਾਜ ਕਰਨ ਤੋਂ ਬਾਅਦ, ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋ ਗਈ। ਪਰ ਮਾੜੀ ਕਿਸਮਤ ਮਹਾਰਾਜਾ ਰਣਜੀਤ ਸਿੰਘ ਦੇ ਵਾਰਿਸਾਂ ਚੋਂ, ਖਾਲਸਾ ਰਾਜ ਸੰਭਾਲਣ ਦੀ ਯੋਗਤਾ ਕਿਸੇ ਚ ਵੀ ਨ੍ਹੀਂ ਸੀ। ਵੱਡਾ ਪੁੱਤਰ ਖੜਕ ਸਿੰਘ ਤਖ਼ਤ 'ਤੇ ਬੈਠਿਆ ਪਰ ਕਾਬਲੀਅਤ ਦੀ ਘਾਟ ਕਾਰਨ, ਖਾਲਸਾ ਰਾਜ ਖਿੰਡਣਾ ਸ਼ੁਰੂ ਹੋ ਗਿਆ ਤੇ ਹੌਲੀ-ਹੌਲੀ ਈਸਟ ਇੰਡੀਆ ਕੰਪਨੀ ਰਾਹੀਂ ਅੰਗਰੇਜ਼ਾਂ ਨੇਂ ਮਹਾਰਾਜਾ ਦਾ ਰਾਜ, ਸਾਡਾ ਆਪਣਾ ਰਾਜ, ਨੈਤਿਕਤਾ ਤੇ ਸੱਚ ਦਾ ਖਾਲਸਾ ਰਾਜ, ਸ਼ਾਤਰ ਤੇ ਕੋਝੀਆਂ ਚਾਲਾਂ ਖੇਡ, ਆਪਣੇ ਕਬਜੇ ਹੇਠ ਕਰ ਲਿਆ। ਭਾਰਤ ਦੀ ਸੰਸਦ ਵਿੱਚ, 20 ਅਗਸਤ 2003 ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਨਮਾਨ ਵਜੋਂ, 22 ਫੁੱਟ ਉੱਚੀ ਕਾਂਸੀ ਦੀ ਮੂਰਤੀ ਦੀ ਸਥਾਪਨਾ ਕੀਤੀ ਗਈ ਹੈ, ਪਾਕਿਸਤਾਨ ਦੇ ਲਾਹੌਰ ਵਿੱਚ ਵੀ ਆਪਦਾ ਸ਼ਾਨਦਾਰ ਬੁੱਤ ਸਥਾਪਿਤ ਏ। ਅੱਜ ਵੀ ਪੰਜਾਬ ਦੇ ਹੁਕਮਰਾਨਾਂ ਦੇ ਪਿੱਛੇ, ਵੱਡੇ ਸਰਕਾਰੀ ਦਫਤਰਾਂ ਚ, ਮਹਾਰਾਜਾ ਰਣਜੀਤ ਸਿੰਘ ਦੀ ਤਸਵੀਰ ਲੱਗੀ ਹੁੰਦੀ ਏ, ਜੋ ਸਰਕਾਰਾਂ ਦੇ ਰਾਜਸੀ ਹੁਕਮਰਾਨਾਂ ਨੂੰ ਸਭ ਨੂੰ ਇਕ ਅੱਖ ਨਾਲ ਦੇਖਣ ਤੇ ਬਿਨਾਂ ਧਰਮ, ਜਾਤੀ ਤੇ ਖੇਤਰ ਦੀ ਭਾਵਨਾ ਦੇ, ਭ੍ਰਿਸ਼ਟਚਾਰ ਰਹਿਤ ਸ਼ਾਸਨ ਕਰਦਿਆਂ, ਹਰੇਕ ਦੇ ਸਰਵਪੱਖੀ ਵਿਕਾਸ ਦਾ ਸੁਨੇਹਾ ਦਿੰਦੀ ਪ੍ਰਤੀਤ ਹੁੰਦੀ ਏ। ਮੈਂ ਆਸ ਕਰਦਾ ਹਾਂ ਕਿ ਸਾਰੇ ਹੁਕਮਰਾਨ ਇਸ ਮਹਾਨਾਇਕ ਦੇ ਆਦਰਸ਼ ਰਾਮਰਾਜ ਤੋਂ ਸੇਧ ਲੈਂਦਿਆਂ, ਆਮ ਲੋਕਾਂ ਦੀ ਬੇਹਤਰੀ ਲਈ ਗੰਭੀਰ ਯਤਨ ਕਰਨਗੇ ਤਾਂ ਜੋ ਵੱਧ ਰਹੇ, ਸਮਾਜਿਕ, ਆਰਥਿਕ, ਧਾਰਮਿਕ ਤੇ ਰਾਜਨੀਤਕ ਪਾੜੇ ਨੂੰ ਘੱਟ ਕੀਤਾ ਜਾ ਸਕੇ।

# ਸਿੱਖਾਂ ਨੂੰ ਨੇੜੇ ਲਿਆਉਣ ਲੱਗੀ ਹੋਈ ਹੈ ਕੇਂਦਰ ਦੀ ਮੋਦੀ ਸਰਕਾਰ

-ਸੁਨੀਲ ਪਾਂਡੇ-

ਕਿਸਾਨ ਅੰਦੋਲਨ ਕਾਰਨ ਭਾਜਪਾ ਤੋਂ ਦੂਰ ਜਾ ਰਹੇ ਸਿੱਖਾਂ ਨੂੰ ਨੇੜੇ ਲਿਆਉਣ ਦੇ ਲਈ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਭਰਪੂਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਪਿਛਲੇ ਦੋ ਮਹੀਨਿਆਂ ਵਿੱਚ ਕਈ ਅਜਿਹੇ ਘਟਨਾਕ੍ਰਮ ਹੋਏ, ਜਿਨ੍ਹਾਂ ਵਿੱਚ ਸਿੱਖਾਂ ਪ੍ਰਤੀ ਪ੍ਰੇਮ ਝਲਕਦਾ ਦਿੱਸਿਆ ਹੈ। ਇਸ ਵਾਰ ਪਦਮ ਐਵਾਰਡਾਂ ਵਿੱਚ ਵੀ ਪੰਜਾਬ ਦੇ ਕਈ ਅਣਜਾਣ ਚਿਹਰਿਆਂ ਨੂੰ ਸਮਨਮਾਨਿਤ ਕੀਤਾ ਗਿਆ। ਮਹੱਤਵਪੂਰਨ ਅਹੁਦਿਆਂ ਉੱਤੇ ਵੀ ਸਿੱਖ ਚਿਹਰਿਆਂ ਨੂੰ ਸਰਕਾਰ ਨੇ ਤਵੱਜੋਂ ਦਿੱਤੀ ਹੈ। ਸਾਬਕਾ ਆਈ ਪੀ ਐਸ ਅਧਿਕਾਰੀ ਅਤੇ ਭਾਜਪਾ ਦੇ ਰਾਸ਼ਟਰੀ ਬੁਲਾਰੇ ਇਕਬਾਲ ਸਿੰਘ ਲਾਲਪੁਰਾ ਨੂੰ ਰਾਸ਼ਟਰੀ ਘੱਟਗਿਣਤੀ ਕਮਿਸ਼ਨ ਦਾ ਚੇਅਰਮੈਮਨ ਲਾਇਆ ਹੈ। ਇਸ ਤੋਂ ਪਹਿਲਾਂ ਵਾਜਪਾਈ ਸਰਕਾਰ ਸਮੇਂ ਤਰਲੋਚਨ ਸਿੰਘ ਨੂੰ ਰਾਸ਼ਟਰੀ ਘੱਟਗਿਣਤੀ ਕਮਿਸ਼ਨ ਦਾ ਚੇਅਰਮੈਨ ਲਾਇਆ ਗਿਆ ਸੀ ਜਿਨ੍ਹਾਂ ਨੂੰ ਇਸ ਵਾਰ ਪਦਮ ਭੂਸ਼ਣ ਨਾਲ ਨਿਵਾਜਿਆ ਗਿਆ ਹੈ। ਕੋਵਿਡ ਦੇ ਸਮੇਂ ਅਣਜਾਣ ਲਾਸ਼ਾਂ ਦਾ ਅੰਤਿਮ ਸੰਸਕਾਰ ਕਰਨ ਵਾਲੇ ਦਿੱਲੀ ਦੀ ਭਾਜਪਾ ਦੇ ਸਾਬਕਾ ਵਿਧਾਇਕ ਜਤਿੰਦਰ ਸਿੰਘ ਸ਼ੰਟੀ ਨੂੰ ਪਦਮਸ਼੍ਰੀ ਐਵਾਰਡ ਮਿਲਿਆ ਹੈ। ਇਸ ਦੇ ਨਾਲ ਜਲੰਧਰ ਵਿੱਚ ਅਨਾਥ ਲੜਕੀਆਂ ਲਈ ਅਨਾਥ ਆਸ਼ਰਮ ਚਲਾਉਣ ਵਾਲੀ ਪ੍ਰਕਾਸ਼ ਕੌਰ ਨੂੰ ਪਦਮਸ਼੍ਰੀ ਮਿਲਿਆ ਹੈ।

ਉਤਰਾਖੰਡ ਵਿੱਚ ਨਵੇਂ ਲਾਏ ਗਵਰਨਰ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ ਵੀ ਸਿੱਖ ਹਨ। ਦੀਵਾਲੀ ਦੇ ਅਗਲੇ ਦਿਨ ਪ੍ਰਧਾਨ ਮੰਤਰੀ ਦੀ ਕੇਦਾਰਨਾਥ ਯਾਤਰਾ ਦੌਰਾਨ ਉਹ ਉਨ੍ਹਾਂ ਦੇ ਨਾਲ ਨਜ਼ਰ ਆਏ। ਪ੍ਰਧਾਨ ਮੰਤਰੀ ਵੱਲੋਂ ਇਸ ਵਾਰ ਜਵਾਨਾਂ ਨਾਲ ਦੀਵਾਲੀ ਮਨਾਉਣ ਲਈ ਜੰਮੂ-ਕਸ਼ਮੀਰ ਦੇ ਨੌਸ਼ਹਿਰਾ ਵਿਖੇ ਸਿੱਖ ਰੈਜੀਮੈਂਟ ਦਾ ਕੈਂਪ ਚੁਣਿ-ਆ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਅੱਜਕੱਲ੍ਹ ਕੇਂਦਰ ਸਰਕਾਰ ਦੇ ਬੜਾ ਨੇੜੇ ਹੋ ਗਏ ਹਨ। ਉਹ ਦਾਅਵਾ ਕਰ ਰਹੇ ਹਨ ਕਿ ਕਿਸਾਨੀ ਮਾਮਲੇ ਦਾ



*ਇਕਬਾਲ ਸਿੰਘ ਲਾਲਪੁਰਾ ਨੂੰ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਮਨ ਲਾਉਣ ਪਿੱਛੋਂ ਸਨਮਾਨਿਤ ਕਰਦੇ ਪ੍ਰਧਾਨ ਮੰਤਰੀ ਮੋਦੀ।*

ਜਲਦੀ ਹੱਲ ਕੀਤਾ ਜਾਵੇਗਾ। ਉਸਦੇ ਬਾਅਦ ਉਨ੍ਹਾਂ ਨੇ ਪੰਜਾਬ ਲੋਕ ਕਾਂਗਰਸ ਨਾਂ ਦੀ ਨਵੀਂ ਪਾਰਟੀ ਬਣਾਉਣ ਦਾ ਐਲਾਨ ਕੀਤਾ ਤੇ ਪੰਜਾਬ ਭਾਜਪਾ ਨਾਲ ਸੀਟਾਂ ਦਾ ਸਮਝੌਤਾ ਕਰਨ ਐਲਾਨ ਕੀਤਾ ਹੈ।

ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣ ਦੇ ਢਾਈ ਮਹੀਨੇ ਬਾਅਦ ਨਵੀਂ ਕਮੇਟੀ ਦੇ ਗਠਨ ਉੱਤੇ ਸ਼ਸ਼ੋਪੰਜ ਦੇ ਬੱਦਲ ਛਾਏ ਹੋਏ ਹਨ। ਕਮੇਟੀ ਵਿੱਚ ਕਿਸ ਪਾਰਟੀ ਦੀ ਸੱਤਾ ਹੋਵੇਗੀ, ਕੌਣ ਪ੍ਰਧਾਨ ਬਣੇਗਾ, ਇਸ ਬਾਰੇ ਸੱਤਾ ਦੇ ਗਲਿਆਰਿਆਂ ਵਿੱਚ ਚਰਚਾ ਵੀ ਬੰਦ ਹੋ ਗਈ ਹੈ। ਕਮੇਟੀ ਦੇ ਕਾਰਜਕਾਰੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਯੋਗਤਾ ਬਾਰੇ ਦਿੱਲੀ ਹਾਈ ਕੋਰਟ ਦੇ ਹੁਕਮ ਦੀ ਉਡੀਕ ਹੋ ਰਹੀ ਹੈ, ਪਰ ਇਸ ਦੌਰਾਨ ਸਿੰਘ ਸਭਾ ਕੋਟੇ ਵਿੱਚੋਂ ਇੱਕ ਮੈਂਬਰ ਨੂੰ ਦਿੱਲੀ ਗੁਰਦੁਆਰਾ ਚੋਣ ਡਾਇਰੈਕਟੋਰੇਟ ਨੇ ਨਾਮਜ਼ਦ ਕਰ ਦਿੱਤਾ ਹੈ। ਦੂਸਰਾ ਮੈਂਬਰ ਕੌਣ ਹੋਵੇਗਾ, ਇਸ ਦੀ ਸਥਿਤੀ ਸਪੱਸ਼ਟ ਨਹੀਂ। ਦਿੱਲੀ ਗੁਰਦੁਆਰਾ ਚੋਣ ਡਾਇਰੈਕਟੋਰੇਟ 17 ਨਵੰਬਰ ਦੀ ਉਡੀਕ ਕਰ ਰਿਹਾ ਹੈ। ਇਸ ਦਿਨ ਹਾਈ ਕੋਰਟ ਸਿਰਸਾ ਦੇ ਅਯੋਗਤਾ ਕੇਸ ਦਾ ਨਿਪਟਾਰਾ ਕਰ ਸਕਦਾ ਹੈ। 22 ਨਵੰਬਰ ਤੋਂ ਹਾਈ ਕੋਰਟ ਦਾ ਰੋਸਟਰ ਬਦਲਣਾ ਹੈ, ਉਸ ਵਿੱਚ ਹੋ ਸਕਦਾ ਹੈ ਕਿ ਮੌਜੂਦਾ ਕੇਸ ਕਿਸੇ ਹੋਰ ਜੱਜ ਨੂੰ ਮਿਲ ਜਾਵੇ ਅਤੇ ਫੈਸਲੇ ਵਿੱਚ ਦੇਰੀ ਹੋਵੇ।

ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵਿੱਚ ਨਵੀਂ ਲੀਡਰਸ਼ਿਪ ਅਜੇ ਬਣੀ ਨਹੀਂ, ਪਰ ਕਾਰਜਕਾਰੀ ਪ੍ਰਬੰਧਕ ਮਰਜ਼ੀ ਕਰਦੇ ਹੋਏ ਕਈ ਵੱਡੇ ਫੈਸਲੇ ਲੈ ਰਹੇ ਹਨ। ਦੋ ਨਵੀਂਆਂ ਵੱਡੀਆਂ ਗੱਡੀਆਂ ਖਰੀਦੀਆਂ ਗਈਆਂ ਹਨ। ਕੁਝ ਸਕੂਲਾਂ ਅਤੇ ਸੰਸਥਾਨਾਂ ਵਿੱਚ ਨਵੇਂ ਚੇਅਰਮੈਨ ਲਾ ਦਿੱਤੇ ਹਨ। ਪਿੱਛੇ ਜਿਹੇ ਇਸ ਕਮੇਟੀ ਦੇ ਮੈਂਬਰ ਬਲਵੀਰ ਸਿੰਘ ਵਿਵੇਕ ਵਿਹਾਰ ਨੂੰ ਹਰਗੋਬਿੰਦ ਇਨਕਲੇਵ ਸਕੂਲ ਦਾ ਚੇਅਰਮੈਨ ਬਣਾਇਆ ਗਿਆ ਅਤੇ ਟਰਾਂਸਪੋਰਟ ਕਮੇਟੀ ਦਾ ਚੇਅਰਮੈਨ ਵੀ ਬਣਾਇਆ ਗਿਆ ਹੈ। ਕਹਿੰਦੇ ਹਨ ਕਿ ਅਧਿਕਾਰਕ ਪੱਤਰ ਨਾ ਦੇ ਕੇ ਸਿੱਧੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਹੈ।

ਭਾਰਤੀ ਜਨਤਾ ਪਾਰਟੀ ਦਾ ਸਿੱਖ ਸੈਲ ਵੀ ਸਰਗਰਮ ਹੈ। ਇਸ ਸੈਲ ਦੇ ਕਨਵੀਨਰ ਕੁਲਵਿੰਦਰ ਸਿੰਘ ਬੰਟੀ ਦੀ ਅਗਵਾਈ ਵਿੱਚ ਸਿੱਖ ਮਸਲਿਆਂ ਵਿੱਚ ਦਖਲ ਦਿੱਤਾ ਜਾ ਰਿਹਾ ਹੈ। ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਜਨਮ ਦਿਨ ਮੌਕੇ ਗੁਰਦੁਆਰਾ ਸਾਹਿਬ ਵਿੱਚ ਅਰਦਾਸ ਕਰਾਈ ਗਈ। ਇਸ ਪਿੱਛੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਦੀ ਬਰਸੀ ਮਨਾਈ ਗਈ। ਕੇਂਦਰੀ ਮੰਤਰੀ ਮਿਨਾਕਸ਼ੀ ਲੇਖੀ ਨੇ ਸਰਕਾਰੀ ਰਿਹਾਇਸ਼ ਉੱਤੇ ਬਕਾਇਦਾ ਵਿਚਾਰ ਗੋਸ਼ਟੀ ਕਰ ਕੇ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਤੇ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਮਲਨਾਥ ਨੂੰ ਵੀ ਸਜ਼ਾ ਦਿਵਾਉਣ ਦਾ ਐਲਾਨ ਕੀਤਾ। ਇਸ ਦੇ ਇਲਾਵਾ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਵਿਖੇ ਬਣੀ 'ਸੱਚ ਦੀ ਦੀਵਾਰ' ਉੱਤੇ ਸਿੱਖ ਸੈਲ ਦੇ ਵਰਕਰ ਮੋਮਬੱਤੀਆਂ ਵੀ ਜਗਾਉਣ ਲਈ ਪਹੁੰਚੇ। ਇਸ ਦੇ ਵੀ ਕੁਝ ਅਰਥ ਹਨ।

## ਹਲਕਾ-ਫੁਲਕਾ

ਪੱਪੂ ਦੇ ਸਿਰ ਉੱਤੇ ਸੱਟ ਲੱਗ ਗਈ..
ਡਾਕਟਰ (ਪੱਪੂ ਨੂੰ),"ਇਹ ਕਿਵੇਂ ਹੋਇਆ?"
ਪੱਪੂ,"ਡਾਕਟਰ ਸਾਬ੍ਹ, ਮੈਂ ਇੱਟ ਨਾਲ ਪੱਥਰ ਤੋੜ ਰਿਹਾ ਸੀ।"
ਡਾਕਟਰ," ਫਿਰ ਸਿਰ ਉੱਤੇ ਸੱਟ ਕਿਵੇ ਲੱਗ ਗਈ?"
ਪੱਪੂ,"ਇੱਕ ਆਦਮੀ ਨੇ ਮੈਨੂੰ ਕਿਹਾ ਕਿ ਕਦੀ ਖੋਪੜੀ ਦਾ ਇਸਤੇਮਾਲ ਵੀ ਕਰ ਲਿਆ ਕਰ।"

******



ਭਿਖਾਰਨ (ਵਿਅਕਤੀ ਨੂੰ),"ਬਾਪੂ ਜੀ, ਇੱਕ ਰੁਪਿਆ ਦੇ ਦਿਓ, ਤਿੰਨ ਦਿਨ ਤੋਂ ਭੁੱਖੀ ਹਾਂ।"
ਵਿਅਕਤੀ, "ਤਿੰਨ ਦਿਨਾਂ ਤੋਂ ਭੁੱਖੀ ਹੈਂ ਤਾਂ ਫਿਰ ਇੱਕ ਰੁਪਏ ਨਾਲ ਕੀ ਹੋਵੇਗਾ?"
ਭਿਖਾਰਨ, "ਬਾਪੂ ਜੀ, ਵਜ਼ਨ ਚੈਕ ਕਰਨਾ ਹੈ ਕਿ ਕਿੰਨਾ ਕੁ ਘੱਟ ਹੋਇਆ।"

******

ਪਤਨੀ (ਪਤੀ ਨੂੰ),"ਮੈਂ ਬਹੁਤ ਬੀਮਾਰ ਹਾਂ, ਮੈਂ ਨਹੀਂ ਬਚਾਂਗੀ, ਮੈ ਮਰ ਜਾਵਾਂਗੀ।"
ਪਤੀ,"ਮੈਂ ਵੀ ਮਰ ਜਾਵਾਂਗਾ।"
ਪਤਨੀ,"ਮੈਂ ਤਾਂ ਬੀਮਾਰ ਹਾਂ, ਇਸ ਲਈ ਮਰ ਜਾਵਾਂਗੀ। ਤੁਸੀਂ ਕਿਉਂ ਮਰ ਜਾਵੋਗੇ?"
ਪਤੀ,"ਮੈਂ ਇੰਨੀ ਖ਼ੁਸ਼ੀ ਬਰਦਾਸ਼ਤ ਨਹੀਂ ਕਰ ਪਾਵਾਂਗਾ, ਇਸ ਲਈ ਖ਼ੁਸ਼ੀ ਨਾਲ ਮਰ ਜਾਵਾਂਗਾ।"




# ਪੰਜਾਬ ਪੁਲਸ ਨੂੰ ਬੀ ਐਸ ਐਫ ਸਿਰਫ ਕਾਰਵਾਈ ਕਰਨ ਵਿੱਚ ਮਦਦ ਕਰੇਗੀ!

ਜਲੰਧਰ, 14 ਨਵੰਬਰ (ਪੋਸਟ ਬਿਊਰੋ)- ਸੀਮਾ ਸੁਰੱਖਿਆ ਬਲ (ਬੀ ਐੱਸ ਐੱਫ) ਦੀ ਪਹਿਲੀ ਮਹਿਲਾ ਆਈ ਜੀ ਬਣੀ ਸੋਨਾਲੀ ਮਿਸ਼ਰਾ ਨੇ ਕੱਲ੍ਹ ਏਥੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿਬੀ ਐੱਸ ਐੱਫ ਦਾ ਅਧਿਕਾਰ ਖੇਤਰ ਵੀ ਵਧਾਇਆ ਜਾ ਰਿਹਾ ਹੈ ਤਾਂ ਇਹ ਖੁਦ ਕੁਝ ਨਹੀਂ ਕਰੇਗੀ, ਕੇਵਲ ਪੰਜਾਬ ਪੁਲਸ ਦੀ ਮਦਦ ਹੀ ਕਰੇਗੀ।

ਸੋਨਾਲੀ ਮਿਸ਼ਰਾ ਨੇਕੇਂਦਰ ਸਰਕਾਰ ਵੱਲੋਂ ਬੀ ਐੱਸ ਐੱਫਦੇ ਪੰਜਾਬ ਵਿੱਚ ਅਧਿਕਾਰ ਖੇਤਰ ਨੂੰ 15 ਕਿਲੋਮੀਟਰ ਤੋਂ ਵਧਾ ਕੇ 50 ਕਿਲੋਮੀਟਰ ਤੱਕ ਕਰਨ ਬਾਰੇ ਕਿਹਾ ਕਿ ਇਸ ਫੋਰਸ ਦਾ ਅਧਿਕਾਰ ਪਹਿਲਾਂ ਤੋਂ ਵਧਾ ਦਿੱਤਾ ਜਾਣ ਪਿੱਛੋਂ ਵੀ ਇਹ ਕੇਵਲ ਸਥਾਨਕ ਪੁਲਸ ਨੂੰ ਅਪਰਾਧੀਆਂ ਦੇ ਖ਼ਿਲਾਫ਼ ਕੀਤੀ ਜਾਣ ਵਾਲੀ ਕਾਰਵਾਈ ਵਿੱਚਮਦਦ ਕਰੇਗੀ। ਉਨ੍ਹਾਂ ਕਿਹਾ ਕਿ ਜੇ ਕੋਈ ਵਿਅਕਤੀ ਸਰਹੱਦ ਪਾਰ ਤੋਂ ਨਸ਼ੀਲੇ ਪਦਾਰਥ ਜਾਂ ਹਥਿਆਰ ਆਦਿ ਸਪਲਾਈ ਕਰੇਗਾ ਤਾਂ ਭਾਰਤ ਵੱਲ ਉਸਨਾਲ ਜੁੜੇ ਲੋਕਾਂ ਤਕ ਪਹੁੰਚਣ ਲਈ ਬੀ ਐਸ ਐਫ ਆਪਣੀ ਯੋਗਤਾ ਅਤੇ ਆਧੁਨਿਕ ਤਕਨੀਕ ਦਾ ਲਾਭ ਸਥਾਨਕ ਪੁਲਸ ਨੂੰ ਦੇਵੇਗੀ। ਉਨ੍ਹਾਂ ਕਿਹਾ ਕਿ ਦੋਸ਼ੀ ਨੂੰ ਫੜਨ ਪਿੱਛੋਂ ਉਸ ਖ਼ਿਲਾਫ਼ ਕੀਤੀ ਜਾਂਦੀ ਕਾਨੂੰਨੀ ਕਾਰਵਾਈ ਪਹਿਲਾਂ ਵਾਂਗ ਸਥਾਨਕ ਪੁਲਸ ਹੀ ਕਰੇਗੀ। ਆਈ ਜੀ ਸੋਨਾਲੀ ਮਿਸ਼ਰਾ ਨੇ ਕਿਹਾ ਕਿ ਬੀ ਐਸ ਐਫ ਦੇ ਅਧਿਕਾਰ ਖੇਤਰ ਦਾ ਇਹ ਵਾਧਾ ਅਫ਼ਗਾਨਿਸਤਾਨ ਵਿੱਚ ਤਾਲਿਬਾਨ ਰਾਜ ਦੀ ਕਾਇਮੀ ਨਾਲ ਵਧੇ ਅੱਤਵਾਦੀ ਖ਼ਤਰੇ ਤੋਂ ਦੇਸ਼ ਦੀ ਸਰਹੱਦ ਮਜ਼ਬੂਤੀ ਵਾਸਤੇਠੀਕ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਤਸਕਰ ਪਹਿਲਾਂ ਸਰਹੱਦਹੇਠਾਂ ਸੁਰੰਗਾਂ ਬਣਾ ਕੇ ਨਸ਼ੀਲੇ ਪਦਾਰਥਾਂ ਤੇ



ਹਥਿਆਰਾਂ ਆਦਿ ਦੀ ਸਪਲਾਈ ਕਰਦੇ ਸਨ, ਪਰ ਪਿਛਲੇ ਕੁਝ ਸਾਲਾਂ ਤੋਂ ਇਹ ਸਪਲਾਈ ਅਸਮਾਨੀ ਰਸਤੇ ਡਰੋਣ ਨਾਲ ਹੋਣ ਲੱਗੀ ਹੈ। ਉਨ੍ਹਾਂ ਕਿਹਾ ਕਿ 2019 ਵਿੱਚ ਪਾਕਿਸਤਾਨ ਵੱਲੋਂ ਆਉਂਦੇ ਡ੍ਰੋਨ ਕਰੀਬ 1000 ਫੁੱਟ ਉਚਾਈ ਉੱਤੇ ਹੁੰਦੇ ਸਨ, ਜਿਨ੍ਹਾਂ ਦੀਆਂ ਆਵਾਜ਼ਾਂ ਅਤੇ ਉਸਦੀ ਜਗਦੀ-ਬੁੱਝਦੀ ਬੱਤੀ ਪੈਟਰੋਲਿੰਗ ਟੀਮਾਂ ਨੂੰ ਆਮ ਸੁਣਾਈ ਤੇ ਦਿਖਾਈ ਦਿੰਦੀ ਸੀ, ਪਰ ਨਵੀਂ ਤਕਨੀਕ ਦੇ ਡਰੋਨਾਂ ਦੀ ਉਚਾਈ ਪਹਿਲਾਂ ਤੋਂ ਕਈ ਗੁਣਾਂ ਵੱਧ ਹੈ ਤੇ ਉਸ ਦੀ ਬੱਤੀ ਵੀ ਢੱਕ ਦਿੱਤੀ ਜਾਂਦੀ ਜਾਂ ਬੰਦ ਕਰ ਦਿੱਤੀ ਜਾਂਦੀ ਹੈ, ਜਿਸ ਨਾਲ ਡਰੋਨ ਦਾ ਪਤਾ ਲੱਗਣਾ ਮੁਸ਼ਕਿਲ ਹੋ ਗਿਆ ਹੈ। ਇਨ੍ਹਾਂ ਦਾ ਪਤਾ ਲਾਉਣ ਲਈ ਬੀ ਐਸ ਐਫ ਨਵੀਆਂ ਤਕਨੀਕਾਂ ਵਰਤਦੀ ਹੈ ਅਤੇ ਇਨ੍ਹਾਂ ਖ਼ਿਲਾਫ਼ ਜਲਦੀ ਕਾਰਵਾਈ ਕਰ ਸਕਦੀ ਹੈ। ਇਸ ਤੋਂ ਇਲਾਵਾ ਪਾਕਿ-ਸਤਾਨ ਵੱਲੋਂ ਭੇਜੇ ਜਾਂਦੇ ਡਰੋਨ ਜੀ ਪੀ ਐਸ ਦੀ ਮਦਦ ਨਾਲ ਆਪਣੀ ਮਿੱਥੀ ਜਗ੍ਹਾ ਉੱਤੇ ਸਾਮਾਨ ਸੁੱਟ ਕੇ ਵਾਪਸ ਚਲੇ ਜਾਂਦੇ ਹਨ। ਡਰੋਨ ਵੱਲੋਂ ਸੁੱਟਿਆ ਸਾਮਾਨ ਚੁੱਕ ਕੇ ਭਾਰਤੀ ਤਸਕਰ ਕੁਝ ਮਿੰਟਾ ਵਿੱਚ ਬੀ ਐਸ ਐਫ ਦੇ ਅਧਿਕਾਰ ਖੇਤਰ ਤੋਂ ਜਾਣ ਵਿੱਚ ਸਫ਼ਲ ਹੋ ਜਾਂਦੇ ਸਨ, ਪਰ ਇਸ ਦਾ ਦਾਇਰਾ ਵੱਧਣ ਨਾਲ ਬੀ ਐਸ ਐਫ ਨੂੰ ਤਸਕਰਾਂ ਦਾ ਦੂਰ ਤਕ ਪਿੱਛਾ ਕਰਨ ਵਿੱਚਸੌਖ ਹੋਵੇਗੀ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਦੀ ਭਾਲ ਕਰਨ ਅਤੇ ਤਸਕਰੀ ਰੋਕਣ ਵਿੱਚ ਸਥਾਨਕ ਪੁਲਸ ਨਾਲੋਂ ਬੀ ਐਸ ਐਫ ਤਕਨੀਕ ਅਤੇ ਸੂਚਨਾ ਇਕੱਠੀ ਕਰਨਦੇ ਵਧੇਰੇ ਸਮਰੱਥ ਹੈ। ਉਸ ਦੀ ਇਹ ਕਾਬਲੀਅਤ ਸਥਾਨਕ ਪੁਲਸ ਨੂੰ ਤਸਕਰਾਂ ਅਤੇ ਅਪਰਾਧੀਆਂ ਖ਼ਿਲਾਫ਼ ਕਾਰਵਾਈ ਕਰਨ ਵਿੱਚ ਸਹਿਯੋਗੀ ਸਿੱਧ ਹੋਵੇਗੀ।

## ਪੰਜਾਬ ਸਰਕਾਰ ਦੀ ਆਮਦਨੀ ਕਿੱਥੋਂ ਆਵੇਗੀ ਵਾਈਟ ਪੇਪਰ ਜਾਰੀ ਕਰਨ ਮੁੱਖ ਮੰਤਰੀ : ਬੀਰਮੀ

*ਬੀ ਸੀ, /ਐਸ ਸੀ ਇੱਕਠੇ ਹੋ ਕੇ 2022 'ਚ ਬਣਾਉਣਗੇ ਅਗਲੀ ਸਰਕਾਰ



ਲੁਧਿਆਣਾ 14 ਨਵੰਬਰ (ਗਿਆਨ ਸਿੰਘ): ਪੰਜਾਬ ਲੋਕਹਿਤ ਪਾਰਟੀ ਦੀ ਹੰਗਾਮੀ ਮੀਟਿੰਗ ਸ ਮਲਕੀਤ ਸਿੰਘ ਬੀਰਮੀ ਦੀ ਪ੍ਰਧਾਨਗੀ ਹੇਟ ਸ਼ਹੀਦ ਭਗਤ ਸਿੰਘ ਨਗਰ ਲੁਧਿਆਣਾ ਵਿਖੇ ਹੋਈ। ਜਿਸਦੇ ਫੈਸਲਿਆ ਬਾਰੇ ਜਾਣਕਾਰੀ ਦਿੰਦਿਆਂ ਬੀਰਮੀ ਨੇ ਦੱਸਿਆ ਪਾਰਟੀ ਦੇ ਬਾਕੀ ਅਹੁਦੇਦਾਰਾਂ ਨੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਕਿਸ ਪਾਰਟੀ ਜਾਂ ਸੰਗਠਨ ਨਾਲ ਸਮਝੌਤਾ ਕਰਨ ਦੇ ਅਧਿਕਾਰ ਉਹਨਾਂ ਨੂੰ ਦਿੱਤੇ ਹਨ। ਸਾਡੀ ਪਾਰਟੀ ਵਲੋਂ ਸਮਝੌਤੇ ਲਈ ਬਦਲ ਖੁੱਲ੍ਹੇ ਰੱਖੇ ਗਏ ਹਨ ਪਰ ਪੰਜਾਬ ਲੋਕਹਿਤ ਪਾਰਟੀ ਸਿਰਫ ਹਮ ਖਿਆਲੀਆਂ ਨਾਲ ਹੀ ਸਮਝੌਤਾ ਕਰੇਗੀ। ਪਾਰਟੀ ਦੇ ਮੀਤ ਪ੍ਰਧਾਨ ਸੁਖਬੀਰ ਸਿੰਘ ਸ਼ਾਲੀਮਾਰ ਦੇ ਸੰਪਰਕ ਵਿੱਚ ਕੁਝ ਛੋਟੀਆਂ ਪਾਰਟੀਆਂ ਅਤੇ ਸੰਗਠਨ ਹਨ ਜਿਨ੍ਹਾਂ ਨੂੰ ਉਹ ਜਲਦ ਪੰਜਾਬ ਲੋਕਹਿਤ ਪਾਰਟੀ ਵਿੱਚ ਸਾਮਲ ਕਰਵਾਉਣਗੇ।

ਬੀਰਮੀ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਘੇਰਦਿਆਂ ਕਿਹਾ ਕਿ ਪੰਜਾਬ ਸਿਰ ਪਹਿਲਾਂ ਹੀ 300 ਕਰੋੜ ਦਾ ਕਰਜ਼ਾ ਹੈ ਉਸ ਦੇ ਬਾਵਜੂਦ ਮੁੱਖ ਮੰਤਰੀ ਇੱਕ ਤੋਂ ਬਾਅਦ ਦੂਜਾ ਐਲਾਨ ਕਰ ਰਹੇ ਹਨ ਪਰ ਕੀਤੇ ਐਲਾਨਾਂ ਨੂੰ ਪੂਰਾ ਕਰਨ ਲਈ ਆਮਦਨੀ ਕਿੱਥੋਂ ਆਵੇਗੀ ਉਸ ਬਾਰੇ ਪੰਜਾਬ ਸਰਕਾਰ ਵਾਈਟ ਪੇਪਰ ਜਾਰੀ ਕਰੇ। ਬੀਰਮੀ ਨੇ ਕਿਹਾ ਕਿ 2017 ਚ ਕਾਂਗਰਸ ਨੇ ਚੋਣ ਮਨੋਰਥ ਪੱਤਰ ਰਾਹੀਂ ਵਾਅਦੇ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਸੀ। ਉਨ੍ਹਾਂ ਦਾਅਵੇ ਨਾਲ ਕਿਹਾ ਕਿ 2022 ਵਿੱਚ ਪੰਜਾਬ ਦੀ 42 ਫੀਸਦੀ ਪੱਛੜੀਆ ਸ੍ਰੇਣੀਆ(ਬੀ ਸੀ) ਅਤੇ 34 ਫੀਸਦੀ ਅਨੁਸੂਚਿਤ ਜਾਤੀਆਂ (ਐਸਸੀ) ਅਤੇ ਆਰਥਿਕ ਪੱਖੋਂ ਕਮਜ਼ੋਰ ਜਨਰਲ ਵਰਗ ਮਿਲ ਕੇ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਪਿੱਛੜੇ ਵਰਗ ਦਾ ਉਧਾਰ ਕਰਨ ਵਾਲੀ ਮੰਡਲ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਵਿੱਚ ਫੇਲ੍ਹ ਸਾਬਿਤ ਹੋਈਆਂ, ਉਸਨੂੰ 2022 ਵਿੱਚ ਪੰਜਾਬ ਲੋਕਹਿਤ ਪਾਰਟੀ ਦੀ ਸਰਕਾਰ ਬਣਨ ਤੇ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਬਹੁਤ ਸਾਰੇ ਕੰਮਾਂ ਲਈ ਲੋਕਾਂ ਨੂੰ ਚੰਡੀਗੜ੍ਹ ਜਾਣਾ ਪੈਂਦਾ ਹੈ,ਲੋਕਾਂ ਦੀ ਪ੍ਰੇਸ਼ਾਨੀ ਘਟਾਉਣ ਅਤੇ ਸਮੱਸਿਆਵਾਂ ਦੇ ਫੌਰੀ ਹੱਲ ਲਈ ਜਿਲ੍ਹਾ/ ਤਹਿਸੀਲ/ ਬਲਾਕ ਤਕ ਵਿਕੇਂਦਰੀਕਰਨ ਕੀਤਾ ਜਾਵੇਗਾ। ਇਸ ਮੌਕੇ ਕਰਮਜੀਤ ਸਿੰਘ ਨਾਰੰਗਵਾਲ, ਕੁਲਵੰਤ ਸਿੰਘ, ਸੁਖਬੀਰ ਸਿੰਘ ਸ਼ਾਲੀਮਾਰ, ਗੁਰਪ੍ਰੀਤਮ ਸਿੰਘ ਚੀਮਾਂ, ਬਲਿਵੰਦਰ ਸਿੰਘ ਸਰੀਂਹ, ਬਲਿਵੰਦਰ ਸਿੰਘ ਲੁਬਾਣਾ, ਸਰਪੰਚ ਬਹਾਦਰ ਸਿੰਘ ਸੰਗਤਪੁਰਾ, ਕੁਲਦੀਪ ਸਿੰਘ ਤਹਿਸੀਲਦਾਰ ਹੋਰ ਸ਼ਮਲ ਸਨ।

## ਡਰਾਈਵਰ ਤੇ ਏ ਐਸ ਆਈ ਨੂੰ ਐਂਬੂਲੈਂਸ ਵਿੱਚ ਬੰਦ ਕਰਕੇ ਤਸਕਰ ਫਰਾਰ

ਸ੍ਰੀ ਮੁਕਤਸਰ ਸਾਹਿਬ, 14 ਨਵੰਬਰ (ਪੋਸਟ ਬਿਊਰੋ)- ਸਥਾਨਕ ਪੁਲਸ ਵੱਲੋਂ ਨਸ਼ੀਲੀਆਂ ਗੋਲੀਆਂ ਨਾਲ ਫੜਿਆ ਗਿਆ ਦੋਸ਼ੀ ਸਬ ਜੇਲ੍ਹ ਦੇ ਗੇਟ ਕੋਲੋਂ ਪੁਲਸ ਅਫਸਰ ਅਤੇ ਡਰਾਈਵਰ ਨੂੰ ਐਂਬੂਲੈਂਸ ਵਿੱਚ ਬੰਦ ਕਰਕੇ ਫਰਾਰ ਹੋ ਗਿਆ। ਦੋਸ਼ੀ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਤੋਂ ਸਬ ਜੇਲ੍ਹ ਵਿੱਚ 14 ਦਿਨਾਂ ਵਾਸਤੇ ਇਕਾਂਤਵਾਸ ਲਈ ਲਿਜਾਇਆ ਜਾਣਾ ਸੀ। ਪੁਲਸ ਨੇ ਦੋਸ਼ੀ ਹਵਾਲਾਤੀ ਸਮੇਤ ਤਿੰਨ ਕਰਮਚਾਰੀਆਂ ਖ਼ਿਲਾਫ਼ ਥਾਣਾ ਸਦਰ ਮੁਕਤਸਰ ਵਿਖੇ ਮਾਮਲਾ ਦਰਜ ਕਰ ਲਿਆ ਅਤੇ ਫਰਾਰ ਹੋ ਗਏ ਦੋਸ਼ੀ ਦੀ ਭਾਲ ਵਿੱਚ ਲੱਗੀ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਵੱਡੀ ਮਾਤਰਾ ਵਿੱਚ ਨਸ਼ੀਲੀਆਂ ਗੋਲੀਆਂ ਸਮੇਤ ਫੜਿਆ ਦੋਸ਼ੀ ਅੰਮ੍ਰਿਤਪਾਲ ਸਿੰਘ ਪਿੰਡ ਝੋਕ ਹਰੀਹਰ ਫਿਰੋਜ਼ਪੁਰ ਜੇਲ੍ਹ ਵਿੱਚ ਬੰਦ ਸੀ। 6 ਨਵੰਬਰ ਨੂੰ ਉਸ ਨੂੰ ਦਿਲ ਵਿੱਚ ਤਕਲੀਫ ਕਾਰਨ ਫਰੀਦਕੋਟ ਦੇ ਮੈਡੀਕਲ ਕਾਲਜ ਵਿੱਚ ਦਾਖ਼ਲ ਕਰਵਾਇਆ ਸੀ। 9 ਨਵੰਬਰ ਨੂੰ ਉਸ ਨੂੰ ਮੈਡੀਕਲ ਕਾਲਜ ਤੋਂ ਡਿਸਚਾਰਜ ਕਰ ਦਿੱਤਾ ਗਿਆ ਤਾਂ 14 ਦਿਨਾਂ ਲਈ ਕੁਆਰੰਟਾਈਨ ਵਾਸਤੇ ਉਸ ਨੂੰ ਐਂਬੂਲੈਂਸ ਰਾਹੀਂ ਮੁਕਤਸਰ ਸਾਹਿਬ ਸਬ ਜੇਲ੍ਹ ਵਿੱਚ ਲਿਆਂਦਾ ਜਾ ਰਿਹਾ ਸੀ। ਸੁਰੱਖਿਆ ਲਈ ਐਂਬੂਲੈਂਸ ਵਿੱਚ ਤਿੰਨ ਏ ਐਸ ਆਈਜ਼ਉਸ ਦੇ ਨਾਲ ਸਨ। ਏ ਐਸ ਆਈ ਗੁਰਚਰਨ ਸਿੰਘ ਫਰੀਦਕੋਟ ਵਿੱਚ ਐਂਬੂਲੈਂਸ ਤੋਂ ਉਤਰ ਕੇ ਆਪਣੇ ਘਰ ਚਲਾ ਗਿਆ, ਏ ਐਸ ਆਈ ਗਿਆਨ ਸਿੰਘ ਸਾਦਿਕ ਵਿੱਚ ਉਤਰ ਗਿਆ, ਕਿਉਂਕਿ ਉਸਦਾ ਘਰ ਉਥੇ ਸੀ ਅਤੇ ਇੱਕ ਏ ਐਸ ਆਈ ਰਣਜੀਤ ਸਿੰਘ ਤੇ ਡਰਾਈਵਰ ਬੇਅੰਤ ਸਿੰਘ ਹੀ ਦੋਸ਼ੀ ਅੰਮ੍ਰਿਤਪਾਲ ਨੂੰ ਸਬ ਜੇਲ੍ਹ ਲੈ ਕੇ ਪਹੁੰਚੇ। ਸਬ ਜੇਲ੍ਹ ਦੇ ਗੇਟ ਉੱਤੇ ਜਦੋਂ ਉਸ ਨੂੰ ਉਤਾਰਨ ਲੱਗੇ ਤਾਂ ਅੰਮ੍ਰਿਤਪਾਲ ਨੇ ਕਿਹਾ ਕਿ ਉਸਦਾ ਡਿਸਚਾਰਜ ਕਾਰਡ ਐਂਬੂਲੈਂਸ ਵਿੱਚ ਡਿੱਗ ਗਿਆ ਹੈ। ਉਹ ਲੱਭਣ ਲੱਗਾ ਤਾ ਚਾਲਕ ਬੇਅੰਤ ਸਿੰਘ ਅਤੇ ਤੀਜਾ ਏ ਐਸ ਆਈ ਰਣਜੀਤ ਸਿੰਘ ਵੀ ਐਂਬੂਲੈਂਸ ਵਿੱਚ ਜਾ ਕੇ ਡਿਸਚਾਰਡ ਕਾਰਡ ਲੱਭਣ ਲੱਗੇ। ਇਸ ਦੌਰਾਨ ਹੀ ਡਰਾਈਵਰ ਬੇਅੰਤ ਸਿੰਘ ਅਤੇ ਏ ਐਸ ਆਈ ਰਣਜੀਤ ਸਿੰਘ ਨੂੰ ਐਂਬੂਲੈਂਸ ਵਿੱਚ ਬੰਦ ਕਰਕੇ ਬੰਦੀ ਅੰਮ੍ਰਿਤਪਾਲ ਸਿੰਘ ਗਿਆ।ਥਾਣਾ ਸਦਰ ਪੁਲਸ ਨੇ ਐਂਬੂਲੈਂਸ ਚਾਲਕ ਬੇਅੰਤ ਸਿੰਘ ਦੇ ਬਿਆਨਾਂ ਉੱਤੇ ਏ ਐਸ ਆਈ ਗਿਆਨ ਸਿੰਘ,ਏ ਐਸ ਆਈ ਗੁਰਚਰਨ ਸਿੰਘ, ਏ ਐਸ ਆਈ ਰਣਜੀਤ ਸਿੰਘ ਦੇ ਖ਼ਿਲਾਫ਼ ਡਿਊਟੀ ਵਿੱਚ ਲਾਪ੍ਰਵਾਹੀ ਵਰਤਣ ਦਾ ਮਾਮਲਾ ਦਰਜ ਕਰ ਲਿਆ। ਇਸਦੇ ਨਾਲ ਹੀ ਫਰਾਰ ਹੋਏ ਬੰਦੀ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਕੇਸ ਦਰਜ ਲਿਆ ਹੈ।

## ਫਰਜ਼ੀ ਦਸਤਾਵੇਜ਼ਾਂ ਨਾਲ ਪਾਸਪੋਰਟ ਭਾਲਦੇ ਦੋ ਬਰਖ਼ਾਸਤ ਥਾਣੇਦਾਰਾਂ ਉੱਤੇ ਕੇਸ

* ਪਾਦਰੀ ਐਂਥਨੀ ਦੇ ਛੇ ਕਰੋੜੀ ਕੇਸ ਵਿੱਚ ਹੋਏ ਸਨ ਬਰਖ਼ਾਸਤ

ਪਾਤੜਾਂ, 14 ਨਵੰਬਰ (ਪੋਸਟ ਬਿਊਰੋ)- ਜਲੰਧਰ ਦੇ ਪਾਦਰੀ ਐਂਥਨੀ ਦੀ ਛੇ ਕਰੋੜ ਰੁਪਏ ਤੋਂ ਵੱਧ ਰਕਮ ਖੁਰਦ-ਬੁਰਦ ਕਰਨ ਦੇ ਦੋਸ਼ ਵਿੱਚ ਪੰਜਾਬ ਸਰਕਾਰ ਵੱਲੋਂ ਬਰਖ਼ਾਸਤ ਕੀਤੇ ਗਏ ਦੋ ਏ ਐਸ ਆਈਜ਼ ਜੋਗਿੰਦਰ ਸਿੰਘ ਅਤੇ ਰਾਜਪ੍ਰੀਤ ਸਿੰਘ ਵਿਦੇਸ਼ ਖਿਸਕਣਾ ਚਾਹੁੰਦੇ ਸਨ। ਇਨ੍ਹਾਂ ਦੋਵਾਂ ਵੱਲੋਂ ਖ਼ੁਦ ਨੂੰ ਪਾਤੜਾਂ ਸ਼ਹਿਰ ਦੇ ਵਾਸੀ ਦੱਸ ਕੇ ਫਰਜ਼ੀ ਦਸਤਾਵੇਜ਼ਾਂ ਨਾਲ ਪਾਸਪੋਰਟ ਬਣਵਾਉਣ ਦੀ ਕੋਸ਼ਿਸ਼ ਕੀਤੀ ਤਾਂ ਇੱਕ ਹੋਰ ਕੇਸ ਵਿੱਚ ਫਸ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਇਹਭੇਦ ਪਾਸਪੋਰਟ ਬਣਾਉਣ ਸਮੇਂ ਪੁਲਸ ਜਾਂਚ ਮੌਕੇਖੁੱਲ੍ਹਾ ਹੈ। ਪਾਤੜਾਂ ਪੁਲਸ ਨੇ ਦੋਵਾਂ ਨੌਕਰੀ ਤੋਂ ਕੱਢੇ ਥਾਣੇਦਾਰਾਂ ਅਤੇ ਇਨ੍ਹਾਂ ਦੇ ਗਵਾਹ ਬਣੇ ਦੋ ਹੋਰ ਜਣਿਆਂ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਹ ਦੋਵੇਂ ਪਾਸ-ਪੋਰਟ ਏਥੋਂ ਦੀ ਸਾਗਰ ਬਸਤੀ, ਵਾਰਡ ਨੰਬਰ 13 ਪਾਤੜਾਂ ਦੇ ਪਤੇ ਉੱਤੇ ਬਣਾਏ ਗਏ ਫਰਜ਼ੀ ਆਧਾਰ ਕਾਰਡਾਂ ਅਤੇ ਵੋਟਰ ਕਾਰਡਾਂ ਨਾਲ ਬਣਵਾਏ ਜਾਣੇ ਸਨ। ਪਤਾ ਲੱਗਾ ਹੈ ਕਿ ਜੋਗਿੰਦਰ ਸਿੰਘ ਨੇ ਖ਼ੁਦ ਨੂੰ ਧਰਮਪਾਲ ਸਿੰਘ ਤੇ ਰਾਜਪ੍ਰੀਤ ਸਿੰਘ ਨੇ ਖ਼ੁਦ ਨੂੰ ਰਾਜਵੀਰ ਸਿੰਘ ਦੱਸ ਕੇ ਧਰਮਪਾਲ ਸਿੰਘ (ਜੋਗਿੰ-ਦਰ ਸਿੰਘ) ਨੂੰ ਆਪਣਾ ਪਿਤਾ ਲਿਖਿਆ ਹੋਇਆ ਸੀ। ਇਨ੍ਹਾਂ ਦਸਤਾਵੇਜ਼ਾਂ ਨਾਲ ਅਪਲਾਈ ਕੀਤੇ ਪਾਸਪੋਰਟ ਲਈ ਅਮਨਿੰਦਰ ਸਿੰਘ ਤੇ ਹਰਿੰਦਰ ਸ਼ਰਮਾ ਵਾਸੀਆਨ ਪਾਤੜਾਂ ਨੇ ਗਵਾਹੀ ਭਰੀ ਸੀ। ਪੁਲਸ ਸਾਂਝ ਕੇਂਦਰ ਪਾਤੜਾਂ ਵਿੱਚ ਜਦੋਂ ਇਸ ਪਾਸਪੋਰਟ ਕੇਸਜਾਂਚ ਲਈ ਆਇਆ ਤਾਂ ਝੂਠ ਫੜਿਆ ਗਿਆ। ਥਾਣਾ ਪਾਤੜਾਂ ਦੇ ਐਸ ਐਚ ਓ ਇੰਸਪੈਕਟਰ ਬਿਕਰਮਜੀਤ ਸਿੰਘ ਨੇ ਕੇਸ ਦਰਜ ਕਰਨ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਪਾਦਰੀ ਐਂਥਨੀ ਦੇ ਪੈਸੇ ਖੁਰਦ-ਬੁਰਦ ਕਰਨ ਦੇ ਦੋਸ਼ ਵਿੱਚ ਇਨ੍ਹਾਂ ਥਾਣੇਦਾਰਾਂ ਖ਼ਿਲਾਫ਼ ਥਾਣਾ ਸਟੇਟ ਕ੍ਰਾਈਮ ਮੁਹਾਲੀ ਵਿੱਚ ਕੇਸ ਦਰਜ ਹੈ ਅਤੇ ਦੋਵੇਂ ਜਣੇ ਜ਼ਮਾਨਤ ਉੱਤੇ ਹਨ। ਦੋਵਾਂ ਨੂੰ ਸਰਕਾਰ ਨੇ ਬਰਖ਼ਾਸਤ ਕੀਤਾ ਹੋਇਆ ਹੈ। ਥਾਣਾ ਮੁਖੀ ਨੇ ਕਿਹਾ ਕਿ ਦੋਵਾਂ ਦੀ ਗ੍ਰਿਫ਼ਤਾਰੀ ਲਈ ਛਾਪੇ ਮਾਰੇ ਜਾ ਰਹੇ ਹਨ ਤੇ ਗ੍ਰਿਫ਼ਤਾਰੀ ਮਗਰੋਂ ਪਤਾ ਕੀਤਾ ਜਾਵੇਗਾ ਕਿ ਇਹ ਫਰਜ਼ੀ ਦਸਤਾਵੇਜ਼ ਕਿਵੇਂ ਤੇ ਕਿਸ ਤੋਂ ਬਣਵਾਏ ਸਨ।

## ਲੋਕ ਇਨਸਾਫ ਪਾਰਟੀ ਨੇ 117 ਵਿਧਾਨ ਸਭਾ ਹਲਕਿਆ ਲਈ ਵਿਖਾਈ ਪਕੜ, ਪੰਜਾਬ ਵਿਚ ਪੰਜ ਵੱਡੀਆਂ ਰੈਲੀਆਂ ਕਰਨ ਦਾ ਐਲਾਨ



ਬਾਘਾਪੁਰਾਣਾ 14 ਨਵੰਬਰ (ਗਿਆਨ ਸਿੰਘ): ਲੋਕ ਇਨਸਾਫ ਪਾਰਟੀ ਵਲੋਂ ਬਾਘਾਪੁਰਾਣਾ ਵਿਖੇ ਪਾਰਟੀ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਅਤੇ ਸਰਪ੍ਰਸਤ ਜੱਥੇਦਾਰ ਬਲਵਿੰਦਰ ਸਿੰਘ ਬੈਂਸ ਦੀ ਅਗਵਾਈ ਹੇਠ ਅਹੁਦੇਦਾਰਾਂ ਦਾ ਵੱਡਾ ਅਜਲਾਸ ਹੋਇਆ। ਇਸ ਇੱਕਠ ਨੇ ਸਾਬਤ ਕਰ ਦਿੱਤਾ ਕਿ ਲੋਕ ਇਨਸਾਫ਼ ਪਾਰਟੀ ਦੀ ਪੰਜਾਬ ਹਦੇ 117 ਵਿਧਾਨ ਸਭਾ ਹਲਕਿਆਂ ‘ਤੇ ਪਕੜ ਮਜਬੂਤ ਹੈ। ਇਸ ਮੋਕੇ ‘ਤੇ 117 ਹਲਕਿਆਂ ਦੇ ਅਹੁਦੇਦਾਰਾਂ ਨੇ ਵੱਖ-ਵੱਖ ਮੇਜ ਅਤੇ ਤਖਤੀਆਂ ਲਾ ਕੇ ਆਪਣੀ ਹੋਂਦ ਦਿਖਾਈ। ਅਜਲਾਸ ਦੌਰਾਨ ਪਾਰਟੀ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਸੰਬੋਧਨ ਕਰਨ ਤੋਂ ਪਹਿਲਾਂ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਨੂੰ 2 ਮਿੰਟ ਮੋਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਉਪਰੰਤ ਉਨ੍ਹਾਂ ਸਮੁੱਚੇ ਅਹੁਦੇਦਾਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਲੋਕ ਇਨਸਾਫ ਪਾਰਟੀ ਦਾ ਜਨਮ ਜੇਲ ਦੀ ਕਾਲ ਕੋਠੜੀ ਵਿੱਚ ਹੋਇਆ ਹੈ।

ਜਿਗੋਂਦ ਮੁਰਨਿਨਜਸ ਦੇ ਅਹੁਦੇਦਾਰਾਂ ਨੇ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਹਰ ਤਰਾਂ ਦੀਆਂ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਨੇ ਸਿਆਸਤ ਨੂੰ ਲੋਕਸੇਵਾ ਦੀ ਥਾਂ ਤੇ ਵਪਾਰ ਬਣਾ ਦਿੱਤਾ ਹੈ,ਪ੍ਰੰਤੂ ਲੋਕ ਇਨਸਾਫ ਪਾਰਟੀ " ਸਿਆਸਤ ਨੂੰ ਲੋਕ ਸੇਵਾ" ਸਮਝਦੀ ਹੈ। ਉਨ੍ਹਾਂ ਅਪੀਲ ਕੀਤੀ ਕਿ ਸਾਰੇ ਹਲਕਿਆਂ ਦੇ ਅਹੁਦੇਦਾਰ ਆਪਣੇ-ਆਪਣੇ ਸੁਝਾਅ ਦੇ ਕੇ ਜਾਣ ਕਿ ਉਹ ਇਕਲਿਆਂ ਚੋਣ ਲੜਨ ਲਈ ਤਿਆਰ ਹਨ ਜਾਂ ਗੱਠਜੋੜ ਕਰਨਾ ਚਾਹੁੰਦੇ ਹਨ। ਉਹਨਾਂ ਅਹੁਦੇਦਾਰਾ ਅਤੇ ਸਵਾਲ ਕੀਤਾ ਕਿ ਜੇਕਰ ਗੱਠਜੋੜ ਕਰਨਾ ਹੈ ਤਾਂ ਕਿਸ ਪਾਰਟੀ ਨਾਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਲੋਕ ਇਨਸਾਫ ਪਾਰਟੀ ਵਿਰੋਧ ਦੀ ਰਾਜਨੀਤੀ ਨਹੀ ਕਰਦੀ ਜੇਕਰ ਸਰਕਾਰ ਕੋਈ ਚੰਗਾਂ ਕੰਮ ਕਰੇ ਤਾਂ ਉਸ ਦੀ ਸ਼ਲਾਘਾ ਕਰਨੀ ਬਣਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਦੇ ਮੁੱਖ ਮੰਤਰੀ ਨੇ ਰੇਤਾ 5.50 ਰੁਪਏ ਫੁੱਟ ਕੀਤਾ ਹੈ ਉਸ ਦੀ ਲੋਕ ਇਨਸਾਫ ਪਾਰਟੀ ਸ਼ਲਾਘਾ ਕਰਦੀ ਹੈ, ਪ੍ਰੰਤੂ ਪੋਣੇ ਪੰਦਰਾਂ ਸਾਲ ਦੀ ਕਾਲਾ ਬਜਾਰੀ ਕਿਸ ਨੇ ਕੀਤੀ ਉਸ ਸਬੰਧੀ ਵਾਈਟ ਪੇਪਰ ਜਾਰੀ ਕਰਨਾ ਚਾਹੀਦਾ। ਉਨਾਂ ਟਰਾਂਸਪੋਰਟ ਮੰਤਰੀ ਰਾਜਾ ਵੜਿੰਗ ਦੀ ਸ਼ਲਾਘਾ ਕਰਦੇ ਹੋਏ ਕਿਹਾ ਚੰਗੀ ਗਲ ਹੈ ਕਿ ਹੁਣ ਨਜਾਇਜ ਚਲਦੀਆਂ ਬੱਸਾਂ ‘ਤੇ ਨਕੇਲ ਕਸੀ ਜਾ ਰਹੀ ਹੈ ਪ੍ਰੰਤੂ ਪਿਛਲੇ ਸਮੇ ਵਿੱਚ ਚਲਦੀਆਂ ਨਜਾਇਜ ਬਸਾਂ ਦੀ ਕਮਾਈ ਕਿਨ੍ਹਾ ਦੀਆਂ ਜੇਬਾ ਵਿੱਚ ਗਈ ਇਸ ਬਾਰੇ ਵੀ ਪੰਜਾਬ ਦੇ ਲੋਕ ਰਵਾਇਤੀ ਸਿਆਸੀ ਪਾਰਟੀਆਂ ਰਨਿਤੋਂ ਜਵਾਬ ਮੰਗਦੇ ਹਨ। ਉਨ੍ਹਾਂ ਵਿਸਵਾਸ਼ ਦੁਆਇਆ ਕਿ ਪੰਜਾਬ ਵਿੱਚ ਲੋਕ ਇਨਸਾਫ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਬਣਨ ‘ਤੇ ਭ੍ਰਿਸ਼ਟਾਚਾਰ ਰਹਿਤ ਪ੍ਰਸਾਸ਼ਨ ਮੁਹਈਆ ਕਰਵਾਇਆ ਜਾਵੇਗਾ।

## ਬ੍ਰਿਟੇਨ ਵਿੱਚ ਖਾਲਿਸਤਾਨ ਬਾਰੇ ਰਾਇਸ਼ੁਮਾਰੀ ਵਿਰੁੱਧ ਭਾਰਤ ਦਾ ਸਖ਼ਤ ਰੁਖ

ਨਵੀਂ ਦਿੱਲੀ, 14 ਨਵੰਬਰ (ਪੋਸਟ ਬਿਊਰੋ)- ਇੰਡੋ ਪੈਸੇਫਿਕ ਗਰੁੱਪ ਵਿੱਚ ਰਣਨੀਤਕ ਭਾਈਵਾਲ ਵਜੋਂ ਭਾਰਤ ਅਤੇ ਬ੍ਰਿਟੇਨ ਇਕੱਠੇ ਹਨ, ਪਰ ਭਾਰਤ ਨੇ ਬ੍ਰਿਟੇਨ ਵਿਚ ਖਾਲਿਸਤਾਨ ਹਮਾਇਤੀ ਸੰਗਠਨ ਸਿੱਖਸ ਫਾਰ ਜਸਟਿਸ (ਐੱਸ ਐੱਫ ਜੇ) ਨੂੰ ਪੰਜਾਬ ਦੇ ਰਲੇਵੇਂ ਉੱਤੇ ਬੀਤੀ 31 ਅਕਤੂਬਰ ਨੂੰ ਰਾਇਸ਼ੁਮਾਰੀ ਕਰਨ ਦੇਣ ਬਾਰੇ ਸਖ਼ਤ ਰੁਖ਼ ਰੱਖਿਆ ਹੈ। ਲੰਡਨ ਦੇ ਡਾਊਨ-ਟਾਊਨ ਵਿਚ ਰਾਇਸ਼ੁਮਾਰੀ ਨਾਕਾਮ ਰਹੀ ਸੀ, ਪਰ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਨੇ ਬ੍ਰਿਟੇਨ ਦੇ ਕੌਮੀ ਸੁਰੱਖਿਆ ਸਲਾਹਕਾਰ ਸਟੀਫਨ ਕੋਲ ਇਹ ਗੱਲ ਸਪੱਸ਼ਟ ਕਰ ਦਿੱਤੀ ਕਿ ਭਾਰਤ ਸਰਕਾਰ ਨੂੰ ਇਸ ਗੱਲ ਦਾ ਡੂੰਘਾ ਇਤਰਾਜ਼ ਹੈ ਕਿ ਬ੍ਰਿਟੇਨ ਨੇ ਪ੍ਰਵਾਸੀ ਭਾਰਤੀਆਂ ਦੇ ਇਕ ਛੋਟੇ ਜਿਹੇ ਹਿੱਸੇ ਨੂੰ ਹਥਿਆਰ ਬਣਾ ਕੇ ਤੀਸਰੇ ਦੇਸ਼ ਦੇ ਮਾਮਲੇ ਉੱਤੇ ਰਾਇਸ਼ੁਮਾਰੀ ਕਰਵਾਉਣ ਦੇ ਲਈ ਇਸ ਤਰ੍ਹਾਂ ਦੀ ਆਗਿਆ ਦਿੱਤੀ ਹੈ।

ਪਤਾ ਲੱਗਾ ਹੈ ਕਿ ਬੀਤੀ 3 ਨਵੰਬਰ ਨੂੰ ਲੰਡਨ ਵਿੱਚ ਦੋਪਾਸੜ ਰਣਨੀਤਕ ਗੱਲਬਾਤ ਦੌਰਾਨ ਬ੍ਰਿਟੇਨ ਨੂੰ ਭਾਰਤੀ ਟੀਮ ਨੇ ਜਾਣੂ ਕਰਵਾਇਆ ਸੀ ਕਿ ਪੰਜਾਬ ਵਿਚ ਪੂਰੀ ਤਰ੍ਹਾਂ ਸ਼ਾਂਤੀ ਹੈ ਅਤੇ ਕੱਟੜਪੰਥੀ ਅਨਸਰਾਂ ਨੂੰ ਹਰ 5 ਸਾਲਾਂ ਪਿੱਛੋਂ ਹੋਣ ਵਾਲੀਆਂ ਵਿਧਾਨ ਸਭਾ ਜਾਂ ਲੋਕ ਸਭਾ ਦੀਆਂ ਚੋਣਾਂ ਵਿਚ ਇਕ ਫੀਸਦੀ ਵੋਟਾਂ ਵੀ ਨਹੀਂ ਮਿਲਦੀਆਂ। ਭਾਰਤ ਦੀ ਮੋਦੀ ਸਰਕਾਰ ਨੇ ਇਸ ਗੱਲ ਉੱਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਕਿ ਪਾਬੰਦੀਸ਼ੁਦਾ ਸਿੱਖ ਸੰਗਠਨਾਂ ਵੱਲੋਂ ਚਲਾਏ ਜਾਂਦੇ ਵੱਖਵਾਦੀ ਏਜੰਡੇ ਉੱਤੇ ਬ੍ਰਿਟੇਨ ਸਰਕਾਰ ਅੱਖਾਂ ਬੰਦ ਕਰ ਲੈਂਦੀ ਹੈ ਅਤੇ ਪਾਕਿਸਤਾਨੀ ਅਨਸਰਾਂ ਦੇ ਅਸਰ ਅਤੇ ਹਮਾਇਤ ਦੇ ਨਾਲ ਕੱਟੜਪੰਥੀ ਸਿੱਖ ਸੰਗਠਨ ਬ੍ਰਿਟੇਨ ਵਿਚ 3 ਖੇਤੀਬਾੜੀ ਕਾਨੂੰਨਾਂ ਵਿਰੁੱਧ ਵਿਖਾਵਾ ਵੀ ਕਰੀ ਜਾਂਦੇ ਹਨ ਅਤੇ ਭਾਰਤ ਵਿਰੋਧੀ ਸਰਗਰਮੀਆਂ ਵਿਚ ਵੀ ਸ਼ਾਮਲ ਹੋ ਰਹੇ ਹਨ।

ਵਰਨਣ ਯੋਗ ਹੈ ਕਿ ਐੱਸ ਐੱਫ ਜੇ ਉੱਤੇ 2019 ਵਿਚ ਭਾਰਤ ਨੇ ਪਾਬੰਦੀ ਲਾਈ ਗਈ ਸੀ। ਇਸ ਸੰਗਠਨ ਦਾ ਨੇਤਾ ਗੁਰਪਤਵੰਤ ਸਿੰਘ ਪੰਨੂ ਦੇਸ਼ ਵਿਰੋਧੀ ਐਲਾਨਿਆ ਜਾ ਚੁੱਕਾ ਹੈ। ਇਸ ਦੇ ਬਾਵਜੂਦ ਬ੍ਰਿਟੇਨ ਨੇ ਅਮਰੀਕਾ ਤੋਂ ਚੱਲ ਰਹੇ ਇਸ ਕੱਟੜਪੰਥੀ ਸੰਗਠਨ ਨੂੰ ਭਾਰਤੀ ਪੰਜਾਬ ਵਿਚ ਗੈਰ-ਕਾਨੂੰਨੀ ਰਾਇਸ਼ੁਮਾਰੀ ਕਰਾਉਣ ਦਿੱਤੀ ਹੈ। ਯੂਰਪੀ ਦੇਸ਼ਾਂ ਫਰਾਂਸ, ਸਪੇਨ ਅਤੇ ਨੀਦਰਲੈਂਡ ਦੇ ਨਾਲ ਭਾਰਤ ਦੇ ਨਜ਼ਦੀਕੀ ਸਬੰਧ ਹਨ, ਪਰ ਬ੍ਰਿਟੇਨ ਨਾਲ ਰਿਸ਼ਤਾ ਅਫਗਾਨਿਸਤਾਨ, ਪਾਕਿਸਤਾਨ, ਕਸ਼ਮੀਰ ਤੇ ਖਾਲਿਸਤਾਨ ਦੇ ਮੁੱਦੇ ਉੱਤੇ ਬ੍ਰਿਟੇਨ ਦੀ ਭੂਮਿਕਾ ਕਾਰਨ ਓਦਾਂ ਦੇ ਨਹੀਂ ਰਹੇ। ਭਾਰਤ ਤੇ ਬ੍ਰਿਟੇਨ 2004 ਤੋਂ ਰਣਨੀਤਕ ਭਾਈਵਾਲ ਹਨ। ਜੰਮੂ-ਕਸ਼ਮੀਰ ਵਿੱਚ 370 ਨੂੰ ਹਟਾਏ ਜਾਣ ਪਿੱਛੋਂ ਪਾਕਿਸਤਾਨ ਨੂੰ ਭਾਰਤ ਦਾ ਵਿਰੋਧ ਕਰਦੇ ਤੱਤਾਂ ਦੀ ਖਾਮੋਸ਼ ਹਮਾਇਤ ਮੋਦੀ ਸਰਕਾਰ ਲਈ ਚਿੰਤਾ ਦਾ ਵਿਸ਼ਾ ਹੈ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਮਾਂ ਦੀ ਮੌਤ ਤੋਂ ਬਾਅਦ ਡਾਕਟਰਾਂ ਨੇ ਬੱਚੀ ਨੂੰ ਜਨਮ ਦਿਵਾਇਆ

ਬੰਗਲੌਰ, 14 ਨਵੰਬਰ (ਪੋਸਟ ਬਿਊਰੋ)- ਕਰਨਾਟਕ ਦੇ ਗਦਗ ਜ਼ਿਲੇ ਵਿੱਚ ਡਾਕਟਰਾਂ ਅਤੇ ਹਸਪਤਾਲ ਦੇ ਸਟਾਫ ਨੇ ਗਰਭ ਵਿੱਚ ਪਲ ਰਹੀ ਬੱਚੀ ਨੂੰ ਜੀਵਨ ਦਿੱਤਾ ਹੈ। ਗਰਭਵਤੀ ਮਾਂ ਦੀ ਮੌਤ ਪਿੱਛੋਂ ਏਥੇ ਜ਼ਿਲਾ ਹਸਪਤਾਲ ਦੇ ਡਾਕਟਰਾਂ ਦੀ ਟੀਮ ਨੇ ਬੱਚੀ ਨੂੰ ਗਰਭ ਵਿੱਚੋਂ ਸੁਰੱਖਿਅਤ ਬਾਹਰ ਕੱਢ ਲਿਆ ਹੈ।



ਇਸ ਜ਼ਿਲੇ ਦੇ ਰੋਨਾ ਇਲਾਕੇ ਦੇ ਮੁਸ਼ੀਗੇਰੀ ਪਿੰਡ ਦੀ ਵਸਨੀਕ ਗਰਭਵਤੀ ਅੰਨਪੂਰਨਾ ਨੂੰ ਅਚਾਨਕ ਘਰ ਵਿੱਚ ਮਿਰਗੀ ਦੇ ਦੋ ਦੌਰੇ ਪੈ ਗਏ ਤਾਂ ਪਰਿਵਾਰਕ ਮੈਂਬਰ ਉਸ ਨੂੰ ਹਸਪਤਾਲ ਲੈ ਗਏ, ਜਿੱਥੇ ਮੁੱਢਲੀ ਸਹਾਇਤਾ ਪਿੱਛੋਂ ਉਸ ਨੂੰ ਜ਼ਿਲਾ ਹਸਪਤਾਲ ਰੈਫਰ ਕਰ ਦਿੱਤਾ ਗਿਆ। ਬਦਕਿਸਮਤੀ ਨਾਲ ਰਸਤੇ ਵਿੱਚ ਉਸ ਦਾ ਬਲੱਡ ਪ੍ਰੈਸ਼ਰ ਘਟ ਗਿਆ ਤੇ ਉਸ ਦੀ ਮੌਤ ਹੋ ਗਈ। ਹਸਪਤਾਲ ਪਹੁੰਚਣ ਉਤੇ ਜਦੋਂ ਡਾਕਟਰਾਂ ਦੀ ਟੀਮ ਨੇ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਅਣਜੰਮੇ ਬੱਚੇ ਦੇ ਦਿਲ ਦੀ ਧੜਕਣ ਚੱਲ ਰਹੀ ਸੀ। ਇਸ ਪਿੱਛੋਂ ਜ਼ਿਲਾ ਹਸਪਤਾਲ ਦੇ ਡਾਕਟਰਾਂ ਦੀ ਟੀਮ, ਜਿਸ ਵਿੱਚ ਡਾਕਟਰ ਵਿਨੋਦ, ਡਾ: ਜੈਰਾਜ, ਡਾ: ਕੀਰਤਨ ਅਤੇ ਡਾ: ਸਮ੍ਰਿਤੀ ਸ਼ਾਮਲ ਸਨ, ਨੇ ਪਰਿਵਾਰ ਤੋਂ ਇਜਾਜ਼ਤ ਲੈ ਕੇ ਅਗਲੇ 15 ਮਿੰਟਾਂ ਵਿੱਚ ਆਪ੍ਰੇਸ਼ਨ ਰਾਹੀਂ ਬੱਚੀ ਨੂੰ ਜਿੰਦਾ ਬਾਹਰ ਕੱਢ ਲਿਆ।

ਡਾ. ਬਸਨਾਗੌੜਾ ਕਾਰਗੀਗੌੜਾ ਹਸਪਤਾਲ ਦੇ ਐਡਮਨ ਅਫਸਰ ਨੇ ਕਿਹਾ ਕਿ ਡਾਕਟਰੀ ਟੀਮ ਨੇ ਤੇਜ਼ੀ ਨਾਲ ਕੰਮ ਕੀਤਾ। ਜਦੋਂ ਪਤਾ ਲੱਗਾ ਕਿ ਅਣਜੰਮੇ ਬੱਚੇ ਦੇ ਦਿਲ ਦੀ ਧੜਕਣ ਚੱਲਦੀ ਹੈ ਤਾਂ ਉਨ੍ਹਾਂ ਨੇ ਆਪ੍ਰੇਸ਼ਨ ਨਾਲ ਮ੍ਰਿਤਕ ਔਰਤ ਦੀ ਕੁੱਖ ਵਿੱਚੋਂ ਬੱਚੇ ਨੂੰ ਕੱਢਣ ਦਾ ਫੈਸਲਾ ਲਿਆ। ਪਰਿਵਾਰ ਨੇ ਡਾਕਟਰਾਂ ਦੀ ਗੱਲ ਸਮਝ ਕੇ ਇਸ ਦੀ ਇਜਾਜ਼ਤ ਦਿੱਤੀ। ਮ੍ਰਿਤਕ ਔਰਤ ਅੰਨਪੂਰਨਾ ਦੇ ਪਤੀ ਨੇ ਰੋਂਦਿਆਂ ਦੱਸਿਆ ਕਿ ਸਾਡਾ ਵਿਆਹ 1 ਸਾਲ ਪਹਿਲਾਂ ਹੀ ਹੋਇਆ ਸੀ ਅਤੇ ਅਸੀਂ ਜ਼ਿੰਦਗੀ ਦਾ ਇਹ ਨਵਾਂ ਸਫਰ ਸ਼ੁਰੂ ਕੀਤਾ ਸੀ। ਮੈਨੂੰ ਉਮੀਦ ਹੈ ਕਿ ਸਾਡੀ ਬੇਟੀ ਦੀ ਜ਼ਿੰਦਗੀ ਬਹੁਤ ਵਧੀਆ ਹੋਵੇਗੀ।

# ਗੜ੍ਹ ਚਿਰੋਲੀ ਵਿੱਚ ਪੁਲਸ ਮੁਕਾਬਲੇ ਵਿੱਚ 26 ਨਕਸਲੀ ਮਾਰੇ ਗਏ

ਮੁੰਬਈ, 14 ਨਵੰਬਰ (ਪੋਸਟ ਬਿਊਰੋ)- ਪੂਰਬੀ ਮਹਾਰਾਸ਼ਟਰ ਦੇ ਗੜ੍ਹ ਚਿਰੋਲੀ ਜ਼ਿਲ੍ਹੇ ਵਿੱਚ ਕੱਲ੍ਹ ਸਵੇਰੇ ਪੁਲਸ ਨਾਲ ਮੁਕਾਬਲੇ ਵਿੱਚ ਘੱਟੋ-ਘੱਟ 26 ਨਕਸਲੀ ਮਾਰੇ ਗਏ, ਜਿਨ੍ਹਾਂ ਵਿੱਚ ਬਾਗ਼ੀ ਨਕਸਲੀਆਂ ਦਾ ਇੱਕ ਚੋਟੀ ਦਾ ਆਗੂ ਸ਼ਾਮਲ ਦੱਸਿਆ ਜਾਂਦਾ ਹੈ, ਪਰ ਇਸ ਦੀ ਪੁਸ਼ਟੀ ਹੋਣੀ ਅਜੇ ਬਾਕੀ ਹੈ।



ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ ਮੁਕਾਬਲਾ ਮੁੰਬਈ ਤੋਂ 920 ਕਿਲੋਮੀਟਰ ਦੂਰ ਗੜ੍ਹ ਚਿਰੋਲੀ ਜ਼ਿਲ੍ਹੇ ਦੀ ਕੋਰਚੀ ਤਹਿਸੀਲ ਦੇ ਮਰਦੀਨਟੋਲਾ ਜੰਗਲੀ ਖੇਤਰ ਵਿੱਚ ਹੋਇਆ ਸੀ। ਮਿਲੀ ਜਾਣਕਾਰੀ ਅਨੁਸਾਰ ਸੀ-60 ਪੁਲਸ ਕਮਾਂਡੋ ਟੀਮ ਨੇ ਐਡੀਸ਼ਨਲਐਸ ਪੀ ਸੌਮਿਆ ਮੁੰਡੇ ਦੀ ਅਗਵਾਈ ਵਿੱਚ ਕੋਰਚੀ ਤਸੀਲ ਦੇ ਜੰਗਲ ਵਿੱਚ ਤਲਾਸ਼ੀ ਸ਼ੁਰੂ ਕੀਤੀਤਾਂ ਉਥੇ ਲੁੱਕੇ ਨਕਸਲੀਆਂ ਨੇ ਟੀਮ ਉਤੇ ਫਾਇਰਿੰਗ ਕਰ ਦਿੱਤੀ ਅਤੇ ਇਸ ਦੌਰਾਨ ਦੁਵੱਲੀ ਗੋਲੀਬਾਰੀ ਵਿੱਚ 26 ਨਕਸਲੀ ਮਾਰੇ ਗਏ। ਡੀ ਐਸ ਪੀ ਅੰਕਿਤ ਗੋਇਲ ਨੇ ਜੰਗਲ ਵਿੱਚੋਂ 26 ਨਕਸਲੀਆਂ ਦੀਆਂ ਲਾਸ਼ਾਂ ਮਿਲਣ ਦੀ ਪੁਸ਼ਟੀ ਕੀਤੀ ਹੈ, ਪਰ ਕਿਸੇ ਦੀ ਵੀ ਸ਼ਨਾਖ਼ਤ ਨਹੀਂ ਹੋ ਸਕੀ। ਮੁਕਾਬਲੇ ਦੌਰਾਨ ਚਾਰ ਪੁਲਸ ਵਾਲੇ ਵੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਹੈਲੀਕਾਪਟਰ ਰਾਹੀਂ ਨਾਗਪੁਰ ਲਿਜਾਇਆ ਗਿਆ। ਗੜ੍ਹ ਚਿਰੋਲੀ, ਛੱਤੀਸਗੜ੍ਹ ਦੀ ਹੱਦ ਨਾਲ ਲੱਗਦਾ ਹੈ।

ਇਸ ਦੌਰਾਨ ਮੱਧ ਪ੍ਰਦੇਸ਼ ਦੇ ਬਾਲਾਘਾਟ ਵਿੱਚ ਨਕਸਲੀਆਂ ਦੇ ਇੱਕ ਗਰੁੱਪ ਨੇ ਦੋ ਪਿੰਡ ਵਾਸੀਆਂ ਦਾ ਕਤਲ ਕਰ ਦਿੱਤਾ, ਕਿਉਂਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਦੋਵੇਂ ਜਣੇ ਪੁਲਸ ਦੇ ਸੂਹੀਏ ਸਨ। ਮਾਰੇ ਗਏ ਪੇਂਡੂਆਂ ਦੀ ਪਛਾਣ ਸੰਤੋਸ਼ (48) ਤੇ ਜਗਦੀਸ਼ ਯਾਦਵ (45) ਵਜੋਂ ਹੋਈ ਹੈ। ਪੁਲਸ ਮੁਤਾਬਕ ਨਕਸਲੀ ਪਿੰਡ ਵਿੱਚ ਕੁਝ ਹੱਥਪਰਚੇ ਵੀ ਛੱਡ ਗਏ ਹਨ, ਜਿਸ ਵਿੱਚ ਪੁਲਸ ਦਾ ਸੂਹੀਆ ਬਣਨ ਦੇ ਖ਼ਿਲਾਫ਼ ਚਿਤਾਵਨੀ ਦਿੱਤੀ ਗਈ ਹੈ। ਦੂਸਰੇ ਪਾਸੇ ਨਕਸਲੀਆਂ ਨੇ ਛੱਤੀਸਗੜ੍ਹ ਦੇ ਬੀਜਾਪੁਰ ਵਿੱਚ ਸਰਕਾਰੀ ਵਿਭਾਗ ਵਿੱਚ ਕੰਮ ਕਰਦੇ ਇੱਕ ਚਪੜਾਸੀ ਨੂੰ ਛੱਡ ਦਿੱਤਾ ਹੈ, ਪਰ ਸਬ-ਇੰਜਨੀਅਰ ਅਜੇ ਉਨ੍ਹਾਂ ਦੀ ਕੈਦ ਵਿੱਚ ਹੈ। ਨਕਸਲੀਆਂ ਨੇ ਇਨ੍ਹਾਂ ਦੋਵਾਂ ਨੂੰ ਬੀਜਾਪੁਰ ਜ਼ਿਲ੍ਹੇ ਤੋਂ ਅਗਵਾਕਰ ਲਿਆ ਸੀ, ਜਿੱਥੇ ਉਹ ਇੱਕ ਉਸਾਰੀ ਅਧੀਨ ਸੜਕ ਦਾ ਸਰਵੇਖਣ ਕਰ ਰਹੇ ਹਨ।

# ਨੀਰਜ ਚੋਪੜਾ ਤੇ ਮਨਪ੍ਰੀਤ ਸਿੰਘ ਸਣੇ 12 ਖ਼ਿਡਾਰੀ ਧਿਆਨ ਚੰਦ ਖੇਲ ਰਤਨ ਐਵਾਰਡ ਨਾਲ ਸਨਮਾਨਤ

ਨਵੀਂ ਦਿੱਲੀ, 14 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਕੱਲ੍ਹ ਰਾਸ਼ਟਰਪਤੀ ਭਵਨ ਵਿੱਚਇੱਕ ਸਮਾਗਮ ਵਿੱਚ ਉਲੰਪਿਕਸ ਵਿੱਚ ਸੋਨ ਤਮਗਾ ਜੇਤੂ ਨੀਰਜ ਚੋਪੜਾ ਅਤੇ ਭਾਰਤੀ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਸਮੇਤ 12 ਖ਼ਿਡਾਰੀਆਂ ਨੂੰ ਸਰਬਉਚ ਖੇਡ ਪੁਰਸਕਾਰ, 'ਮੇਜਰ ਧਿਆਨ ਚੰਦ ਖੇਲ ਰਤਨ ਪੁਰਸਕਾਰ' ਨਾਲ ਸਨਮਾਨਤ ਕੀਤਾ। ਸਾਲ 2021 ਲਈ ਦਿੱਤੇ ਗਏ ਇਨ੍ਹਾ ਖੇਡ ਇਨਾਮਾਂ ਵਿੱਚ ਕੁੱਲ 62 ਖ਼ਿਡਾਰੀਆਂ ਨੂੰ ਸਨਮਾਨਤ ਕੀਤਾ ਗਿਆ, ਜਿਨ੍ਹਾਂ ਵਿੱਚੋਂ 12 ਨੂੰ ਖੇਲ ਰਤਨ ਦੇ ਨਾਲ 35 ਖ਼ਿਡਾਰੀਆਂ ਨੂੰ ਅਰਜੁਨ ਐਵਾਰਡ, 10 ਨੂੰ ਦ੍ਰੋਣਾਚਾਰੀਆ ਐਵਾਰਡ ਅਤੇ ਪੰਜ ਖ਼ਿਡਾਰੀਆਂ ਨੂੰ ਧਿਆਨ ਚੰਦ ਗੌਰਵ ਪੁਰਸਕਾਰਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਸੀ ਐਸ ਆਰ ਰਾਹੀਂ ਖੇਡਾਂ ਉਤਸ਼ਾਹਤ ਕਰਨ ਲਈ ਮਾਨਵ ਰਚਨਾ ਐਜੂਕੇਸ਼ਨ ਇੰਸਟੀਚਿਊਟ ਨੂੰ ਸਨਮਾਨਤ ਕੀਤਾ ਗਿਆ, ਜਦਕਿ ਖੇਡਾਂ ਲਈ ਯੂਨੀਵਰਸਿਟੀਆਂ ਨੂੰ ਦਿੱਤੀ ਜਾਂਦੀ ਮੌਲਾਨਾ ਅਬੁੱਲ ਕਲਾਮ ਆਜ਼ਾਦ ਟ੍ਰਾਫ਼ੀ ਪੰਜਾਬ ਯੂਨੀਵਰਸਿਟੀ ਨੂੰ ਦਿੱਤੀ ਗਈ। ਮੇਜਰ ਧਿਆਨ ਚੰਦ ਖੇਲ ਰਤਨ ਐਵਾਰਡ ਹਾਸਲ ਕਰਨ ਵਾਲੇ ਖ਼ਿਡਾਰੀਆਂ ਵਿੱਚ ਨੀਰਜ ਚੋਪੜਾ ਅਤੇ ਮਨਪ੍ਰੀਤ ਸਿੰਘ ਤੋਂ ਇਲਾਵਾ ਕੁਸ਼ਤੀ ਖ਼ਿਡਾਰੀ ਰਵੀ ਕੁਮਾਰ, ਮੁੱਕੇਬਾਜ਼ ਲਵਲੀਨਾ ਬੋਰਹਗੋਹੇਨ, ਕ੍ਰਿਕਟਰ ਮਿਤਾਲੀ ਰਾਜ, ਫੁੱਟਬਾਲ ਸੁਨੀਲ ਛੇਤਰੀ, ਹਾਕੀ ਖ਼ਿਡਾਰੀ ਪੀ ਆਰ ਰਾਜੇਸ਼, ਪੈਰਾ ਸ਼ੂਟਿੰਗ ਖੇਡ ਲਈ ਅਵਨੀ ਲੇਖਾਰਾ ਅਤੇ ਮਨੀਸ਼ ਨਰਵਾਲ, ਪੈਰਾ ਬੈਡਮਿੰਟਨ ਲਈ ਪ੍ਰਮੋਦ ਭਗਤ ਤੇ ਕ੍ਰਿਸ਼ਨਾ ਨਾਗਰ ਅਤੇ ਪੈਰਾ ਐਥਲੈਟਿਕਸ ਲਈ ਸੁਮਿਤ ਅੰਤਿਲ ਨੂੰ ਵੀ ਖੇਲ ਰਤਨ ਨਾਲ ਨਿਵਾਜਿਆ ਗਿਆ ਹੈ।

# ਬੋਰਿਸ ਜੌਨਸਨ ਦੇ ਖ਼ਿਲਾਫ਼ ਗ੍ਰਹਿ ਮੰਤਰੀ ਦਾ ਪੱਖ ਲੈਣ ਦਾ ਕੇਸ ਦਾਇਰ

* ਲੰਡਨ ਹਾਈ ਕੋਰਟ ਵਿੱਚ 17 ਨਵੰਬਰ ਤੋਂ ਸੁਣਵਾਈ

ਲੰਡਨ, 14 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਦੇ ਖ਼ਿਲਾਫ਼ ਹਾਈ ਕੋਰਟ ਵਿੱਚ ਇੱਕ ਕੇਸ ਦਾਇਰ ਕੀਤਾ ਗਿਆ ਹੈ। ਉਨ੍ਹਾਂ ਉੱਤੇ ਗ੍ਰਹਿ ਮੰਤਰਾਲੇ ਦੇ ਸੈਕਟਰੀ ਫਿਲਿਪ ਰਤਨਮ ਨਾਲ ਇਤਰਾਜ਼ਯੋਗ ਵਿਹਾਰ ਕਰਨ ਦੀ ਦੋਸ਼ੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੂੰ ਬਚਾਉਣ ਦਾ ਦੋਸ਼ ਹੈ।



ਵਰਨਣ ਯੋਗ ਹੈ ਕਿ ਫਿਲਿਮ ਰਤਨਮ ਨੇ ਇਸ ਮੁੱਦੇ ਉੱਤੇ ਅਸਤੀਫ਼ਾ ਦੇ ਦਿੱਤਾ ਸੀ। ਉਸ ਦਾ ਦੋਸ਼ ਹੈ ਕਿ ਉਨ੍ਹਾਂ ਦੇ ਖ਼ਿਲਾਫ਼ ਮਾੜੇ ਪ੍ਰਚਾਰ ਦੀ ਮੁਹਿੰਮ ਚਲਾਈ ਗਈ, ਜਿਸ ਪਿੱਛੇ ਪ੍ਰੀਤੀ ਪਟੇਲ ਦਾ ਹੱਥ ਸੀ।ਲੰਡਨ ਹਾਈ ਕੋਰਟ 17 ਅਤੇ 18 ਨਵੰਬਰ ਨੂੰ ਐਸੋਸੀਏਸ਼ਨ ਆਫ ਫਸਟ ਡਵੀਜ਼ਨ ਸਿਵਲ ਸਰਵੈਂਟ (ਐਫ ਡੀ ਏ) ਵੱਲੋਂ ਦਾਇਰ ਕੇਸ ਬਾਰੇ ਸੁਣਵਾਈ ਕਰੇਗੀ। ਐਫ ਡੀ ਏ ਅਸਲ ਵਿੱਚ ਇੱਕ ਮੁਲਾਜ਼ਮ ਯੂਨੀਅਨ ਹੈ, ਜਿਸ ਨੇ ਇਸ ਪਟੀਸ਼ਨ ਰਾਹੀਂ ਅਦਾਲਤ ਤੋਂ ਕਾਨੂੰਨੀ ਜਾਇਜ਼ਤਾ ਅਤੇ ਮੰਤਰੀ ਪੱਧਰ ਦੇ ਜ਼ਾਬਤੇ ਉੱਤੇਜੁਡੀਸ਼ਲ ਰਾਇ ਮੰਗੀ ਹੈ।

ਦੂਸਰੇ ਪਾਸੇ ਬੋਰਿਸ ਜੌਨਸਨ ਸਪੱਸ਼ਟ ਕਹਿ ਚੁੱਕੇ ਹਨ ਕਿ ਪਟੇਲ ਨੇ ਮੰਤਰੀ ਪੱਧਰ ਦੇ ਜ਼ਾਬਤੇ ਦੀ ਉਲੰਘਣਾ ਨਹੀਂ ਕੀਤੀ। ਇਸ ਜਾਂਚ ਲਈ ਨਿਯੁਕਤ ਉਨ੍ਹਾਂ ਦੇ ਸੁਤੰਤਰ ਸਲਾਹਕਾਰ ਐਲੇਕਸ ਐਲਨ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੇ ਇੱਕ ਗਰੁੱਪ ਨੂੰ ਪਟੇਲ ਨੂੰ ਬਚਾਉਣ ਦੀ ਅਪੀਲ ਕੀਤੀ ਹੈ।ਇੱਥੋਂ ਤਕ ਕਿ ਤਾਜ਼ਾ ਫੇਰਬਦਲ ਵਿੱਚਪ੍ਰੀਤੀ ਪਟੇਲ ਨੂੰ ਕੈਬਨਿਟ ਤੋਂ ਹਟਾਉਣ ਜਾਂ ਘੱਟ ਅਹਿਮੀਅਤ ਵਾਲੇ ਵਿਭਾਗ ਵਿੱਚ ਭੇਜੇ ਜਾਣ ਦੀਆਂ ਅਟਕਲਾਂ ਸਨ, ਪਰ ਅਜਿਹਾ ਨਹੀਂ ਹੋਇਆ ਅਤੇ ਬੋਰਿਸ ਜੌਨਸਨ ਨੇ ਉਸ ਦਾ ਮੰਤਰੀ ਅਹੁਦਾ ਕਾਇਮ ਰੱਖਿਆ ਹੈ।


# ਤਾਲਿਬਾਨ ਨੇ ਇਸਲਾਮਿਕ ਕਾਨੂੰਨ ਲਾਗੂ ਕਰਨ ਲਈ ਫੌਜੀ ਟ੍ਰਿਬਿਊਨਲ ਬਣਾਇਆ

ਕਾਬੁਲ, 14 ਨਵੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਸੱਤਾ ਉੱਤੇ ਕਾਬਜ਼ ਤਾਲਿਬਾਨ ਨੇ ਇਸਲਾਮਿਕ ਕਾਨੂੰਨਲਾਗੂ ਕਰਨ ਲਈ ਫੌਜੀ ਟ੍ਰਿਬਿਊਨਲ ਬਣਾਉਣ ਦਾ ਐਲਾਨ ਕੀਤਾ ਹੈ।



ਇਸ ਸੰਬੰਧ ਵਿੱਚ ਤਾਲਿਬਾਨ ਦੇ ਉਪ ਬੁਲਾਰੇ ਐਨਾਮੁੱਲ੍ਹਾ ਸਮਾਂਗਾਨੀ ਨੇ ਇਕ ਬਿਆਨ ਵਿੱਚ ਕਿਹਾ ਕਿ 'ਸ਼ਰੀਆ ਪ੍ਰਬੰਧ, ਇਲਾਹੀ ਫ਼ਰਮਾਨ ਅਤੇ ਸਮਾਜਿਕ ਸੁਧਾਰ' ਨੂੰ ਲਾਗੂ ਕਰਨ ਦੇ ਲਈ ਸਰਬ ਉੱਚ ਨੇਤਾ ਹਿਬਤੁੱਲਾ ਅਖੁੰਦਜ਼ਾਦੇ ਦੇ ਹੁਕਮ ਉੱਤੇ ਟ੍ਰਿਬਿਊਨਲ ਬਣਾਇਆ ਗਿਆ ਹੈ। ਇਸ ਟ੍ਰਿਬਿਊਨਲ ਦਾ ਐਲਾਨ ਇਕ ਵਾਰ ਫਿਰ ਅਫ਼ਗਾਨਿਸਤਾਨ ਵਿੱਚ 1996-2001 ਦੇ ਦੌਰ ਦੇ ਜ਼ਾਲਮ ਕਾਨੂੰਨਲਾਗੂ ਕਰਨ ਦਾ ਸੰਕੇਤ ਮਿਲ ਗਿਆ ਹੈ, ਜਿਸ ਕਰ ਕੇ ਇਸ ਦੀ ਆਲੋਚਨਾ ਹੁੰਦੀ ਰਹੀ ਹੈ। ਤਾਲਿਬਾਨ ਸਰਕਾਰ ਦੇ ਅਨੁਸਾਰ ਟ੍ਰਿਬਿਊਨਲ ਕੋਲ ਸ਼ਰੀਆ ਦੇ ਫ਼ੈਸਲਿਆਂ ਦੀ ਵਿਆਖਿਆ, ਇਸਲਾਮਿਕ ਨਾਗਰਿਕ ਕਾਨੂੰਨਾਂ ਨਾਲ ਸਬੰਧਤ ਫਰਮਾਨ ਅਤੇ ਤਾਲਿਬਾਨ ਅਫਸਰਾਂ ਤੇ ਪੁਲਸ, ਫੌਜ ਅਤੇ ਖੁਫ਼ੀਆ ਯੂਨਿਟਾਂ ਦੇ ਮੈਂਬਰਾਂ ਵਿਰੁੱਧ ਪਟੀਸ਼ਨਾਂ ਦੀ ਸੁਣਵਾਈ ਵਾਲਾ ਅਧਿਕਾਰ ਹੋਵੇਗਾ। ਓਬੈਦੁੱਲਾ ਨੇਜ਼ਾਮੀ ਨੂੰ ਟ੍ਰਿਬਿਊਨਲ ਦਾ ਚੇਅਰਮੈਨ ਬਣਾਇਆ ਗਿਆ ਹੈ, ਜਿਸ ਵਿੱਚ ਸਈਅਦ ਅਗਾਜ਼ ਤੇ ਜਾਹੇਦ ਅਖੁੰਦਜ਼ਾਦੇ ਡਿਪਟੀ ਵਜੋਂ ਸੇਵਾ ਨਿਭਾ ਰਹੇ ਹਨ।

ਅਫ਼ਗਾਨਿਸਤਾਨ ਦੀ ਸੱਤਾ ਉੱਤੇ ਤਾਲਿਬਾਨ ਦੇ ਮੁੜ ਕਬਜ਼ੇ ਪਿੱਛੋਂ ਉਥੇ ਸੁਰੱਖਿਆ ਸਥਿਤੀ ਦਾ ਲਗਾਤਾਰ ਖ਼ਦਸ਼ਾ ਬਣਿਆ ਹੋਇਆ ਹੈ। ਤਾਲਿਬਾਨ ਨੇ ਅਫ਼ਗਾਨਿਸਤਾਨ ਵਿੱਚ ਸਖਤ ਇਸਲਾਮਿਕ ਕਾਨੂੰਨ ਲਾਗੂ ਕਰਨ ਦੀ ਗੱਲ ਕਹੀ ਅਤੇ ਤਾਲਿਬਾਨ ਦੇ ਮੋਢੀ ਮੈਂਬਰਾਂ ਵਿੱਚੋਂ ਇਕ ਮੁੱਲਾ ਨੂਰੂਦੀਨ ਤੁਰਾਬੀ ਨੇ ਪਿੱਛੇ ਜਿਹੇ ਕਿਹਾ ਸੀ ਕਿ ਅਫ਼ਗਾਨਿਸਤਾਨ ਵਿੱਚ ਫਾਂਸੀ ਅਤੇ ਸਖ਼ਤ ਸਜ਼ਾ ਦਾ ਦੌਰ ਵਾਪਸ ਆਉਣ ਵਾਲਾ ਹੈ। ਦੋਸ਼ੀਆਂ ਦੇ ਹੱਥ-ਪੈਰ ਕੱਟਣ ਵਰਗੀ ਸਜ਼ਾ ਦਾ ਸਮੱਰਥਨ ਕਰਦੇ ਹੋਏ ਤੁਰਾਬੀ ਨੇ ਕਿਹਾ ਸੀ ਕਿ ਅਪਰਾਧਾਂ ਨੂੰ ਰੋਕਣ ਲਈ ਅਜਿਹੀ ਸਜ਼ਾ ਜ਼ਰੂਰੀ ਹੈ।




# ਪਾਕਿਸਤਾਨ ਦਾ ਕੋਰਾ ਝੂਠ, 3000 ਸਿੱਖਾਂ ਨੂੰ ਨਹੀਂ,ਸਿਰਫ਼ 855 ਨੂੰ ਵੀਜ਼ੇ ਜਾਰੀ ਕੀਤੇ

ਨਵੀਂ ਦਿੱਲੀ, 14 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਕਦੇ ਵੀ ਭਾਰਤ ਦੀਆਂ ਖ਼ੁਸ਼ੀਆਂ ਵਿੱਚ ਅੜਿੱਕਾ ਡਾਹੁਣ ਤੋਂ ਬਾਜ਼ ਨਹੀਂ ਆਉਂਦਾ। ਦਿੱਲੀ ਵਿੱਚ ਪਾਕਿਸਤਾਨ ਹਾਈ ਕਮਿਸ਼ਨ ਨੇ ਕੱਲ੍ਹ ਆਪਣੀ ਪਿੱਠ ਥਾਪੜਦੇ ਹੋਏ ਕਿਹਾ ਕਿ ਉਸ ਨੇ 17 ਤੋਂ 26 ਨਵੰਬਰ ਤਕ ਪਾਕਿ-ਸਤਾਨ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ ਮੌਕੇ ਜਾਣ ਹੋਣ ਲਈ ਭਾਰਤੀ ਸਿੱਖ ਸ਼ਰਧਾਲੂਆਂ ਲਈ ਲੱਗਭਗ 3,000 ਵੀਜ਼ੇ ਜਾਰੀ ਕੀਤੇ ਹਨ। ਉਸ ਦੇ ਉਲਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਪਾਕਿ-ਸਤਾਨ ਹਾਈ ਕਮਿਸ਼ਨ ਨੂੰ 1046 ਸ਼ਰਧਾਲੂਆਂ ਦੇ ਪਾਸਪੋਰਟ ਭੇਜੇ ਸਨ, ਜਿਨ੍ਹਾਂ ਵਿੱਚੋਂ 855 ਵੀਜ਼ੇ ਜਾਰੀ ਹੋਏ ਅਤੇ 191 ਰੱਦ ਕੀਤੇ ਗਏ ਸਨ।



ਬੀਬੀ ਜਗੀਰ ਕੌਰ ਨੇ ਸਿੱਖ ਸ਼ਰਧਾਲੂਆਂ ਦੇ ਵੀਜ਼ੇ ਕੱਟਣ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਇਸ ਨਾਲ ਆਮ ਸਿੱਖਾਂ ਨੂੰ ਠੇਸ ਪੁੱਜੀ ਹੈ। ਵਰਨਣ ਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਹੋਣ ਵਾਲੇ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਜਥਾ 17 ਨਵੰਬਰ ਨੂੰ ਜਾਵੇਗਾ।ਦੂਸਰੇ ਪਾਸੇ ਪਾਕਿਸਤਾਨ ਦੇ ਸੂਚਨਾ ਅਤੇ ਪ੍ਰਸਾਰਨ ਮੰਤਰੀ ਫੱਵਾਦ ਚੌਧਰੀ ਨੇ ਭਾਰਤ ਦੇ ਦਾਅਵੇ ਦਾ ਖੰਡਨ ਕਰਦੇ ਹੋਏ ਕਿਹਾ ਕਿ ਅਸੀਂ ਇਸ ਵਾਰ 8000 ਤੋਂ ਵੱਧ ਸਿੱਖ ਸ਼ਰਧਾਲੂਆਂ ਨੂੰ ਗੁਰੂ ਨਾਨਕ ਦੇਵ ਜੀ ਦੇ 552ਵੇਂ ਪ੍ਰਕਾਸ਼ ਪੁਰਬ ਮੌਕੇ ਓਥੇ ਜਾਣ ਲਈ ਵੀਜ਼ੇ ਦਿੱਤੇ ਹਨ ਅਤੇ ਉਹ ਪਾਕਿਸਤਾਨ ਆ ਰਹੇ ਹਨ।

# ਭਾਰਤ ਵਿੱਚ ਨੋਰੋਵਾਇਰਸ ਦੀ ਪੁਸ਼ਟੀ ਹੋਣ ਉੱਤੇ ਹਾਈ ਅਲਰਟ ਜਾਰੀ

ਥਿਰੂਵਨੰਤਪੁਰਮ, 14 ਨਵੰਬਰ (ਪੋਸਟ ਬਿਊਰੋ)- ਕੇਰਲ ਦੀ ਸਿਹਤ ਮੰਤਰੀ ਵੀਨਾ ਜਾਰਜ ਨੇ ਏਥੇ ਨੋਰੋਵਾਇਰਸ ਦੀ ਪੁਸ਼ਟੀ ਹੋਣ ਦੇ ਬਾਅਦ ਹਾਈ ਅਲਰਟ ਜਾਰੀ ਕੀਤਾ ਅਤੇ ਲੋਕਾਂ ਨੂੰ ਚੌਕਸ ਰਹਿਣ ਨੂੰ ਕਿਹਾ ਹੈ।

ਦੋ ਹਫ਼ਤੇ ਪਹਿਲਾਂ ਰਾਜ ਦੇ ਵਾਇਨਾਡ ਜ਼ਿਲੇ ਦੇ ਪੁਕੋਡੇ ਵਿੱਚ ਇੱਕ ਵੈਟਰਨਰੀ ਕਾਲਜ ਦੇ 13 ਵਿਦਿਆਰਥੀਆਂ ਵਿੱਚ ਨੋਰੋਵਾਇਰਸ ਦੀ ਪੁਸ਼ਟੀ ਹੋਈ ਸੀ। ਕੇਂਦਰੀ ਸਿਹਤ ਵਿਭਾਗ ਨੇ ਇਸ ਰੋਗ ਬਾਰੇ ਰਿਪੋਰਟ ਵਿੱਚ ਕਿਹਾ ਕਿ ਇਹ ਵਾਇਰਸ ਬੱਚਿਆਂ ਤੇ ਬਜ਼ੁਰਗਾਂ ਲਈ ਬਹੁਤ ਖਤਰਨਾਕ ਹੈ। ਇਸ ਪਿੱਛੋਂ ਸਿਹਤ ਮੰਤਰੀ ਵੀਨਾ ਜਾਰਜ ਨੇ ਡਾਕਟਰਾਂ ਅਤੇ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਲੋਕਾਂ ਨੂੰ ਚੌਕਸ ਰਹਿਣ ਦਾ ਸੱਦਾ ਦਿੱਤਾ। ਡਾਕਟਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਬਜ਼ੁਰਗਾਂ ਤੇ ਗਰਭਵਤੀ ਔਰਤਾਂ ਨੂੰ ਇਸ ਬਿਮਾਰੀ ਬਾਰੇ ਵਧੇਰੇ ਸਾਵਧਾਨੀ ਦੀ ਲੋੜ ਹੈ ਅਤੇ ਖਾਣਾ ਖਾਣ ਤੋਂ ਪਹਿਲਾਂ ਚੰਗੀ ਤਰ੍ਹਾਂ ਹੱਥ ਧੋਣੇ ਚਾਹੀਦੇ ਹਨ। ਨੋਰੋਵਾਇਰਸ, ਜਿਸ ਨੂੰ 'ਵਿੰਟਰ ਵੌਮਿਟਿੰਗ ਬੱਗ' ਵੀ ਕਿਹਾ ਜਾਂਦਾ ਹੈ, ਲਾਗ ਦਾ ਰੋਗ ਹੈ। ਇਹ ਲੋਕਾਂ ਵਿੱਚ ਆਸਾਨੀ ਨਾਲ ਫੈਲਦਾ ਹੈ ਅਤੇ ਦਸਤ, ਉਲਟੀਆਂ ਅਤੇ ਪੇਟ ਦਰਦ ਹੁੰਦਾ ਹੈ। ਮਿਲੀ ਜਾਣਕਾਰੀ ਮੁਤਾਬਕ ਇਹ ਬਿਮਾਰੀ ਦੂਸ਼ਤ ਪਾਣੀ ਅਤੇ ਦੂਸ਼ਤ ਭੋਜਨ ਨਾਲ ਫੈਲਦੀ ਹੈ। ਇਹ ਜਾਨਵਰਾਂ ਤੋਂ ਹੋਣ ਵਾਲੀ ਬਿਮਾਰੀ ਹੈ। ਦੋ ਹਫ਼ਤੇ ਪਹਿਲਾਂ ਵਾਇਨਾਡ ਜ਼ਿਲੇ ਦੇ ਵਿਥਰੀ ਨੇੜੇ ਪੁਕੋਡੇ ਵਿਖੇ ਇੱਕ ਵੈਟਰਨਰੀ ਕਾਲਜ ਦੇ 13 ਵਿਦਿਆਰਥੀਆਂ ਵਿੱਚ ਦੂਸ਼ਤ ਪਾਣੀ ਅਤੇ ਭੋਜਨ ਨਾਲ ਫੈਲਣ ਵਾਲੀ ਬਿਮਾਰੀ ਨੋਰੋਵਾਇਰਸ ਦੀ ਰਿਪੋਰਟ ਮਿਲੀ ਸੀ। ਕੇਰਲ ਦੀ ਸਿਹਤ ਮੰਤਰੀ ਵੀਨਾ ਜਾਰਜ ਨੇ ਕਿਹਾ ਕਿ ਹਾਲੇ ਚਿੰਤਾ ਦਾ ਕੋਈ ਕਾਰਨ ਨਹੀਂ, ਪਰ ਸਭ ਨੂੰ ਚੌਕਸ ਰਹਿਣਾ ਚਾਹੀਦਾ ਹੈ। ਸੁਪਰ ਕਲੋਰੀਨੇਸ਼ਨ ਸਮੇਤ ਗਤੀਵਿਧੀਆਂ ਜਾਰੀ ਹਨ।




## ਲੱਖਾਂ ਦਾ ਪੈਕੇਜ ਅਤੇ ਕਾਰੋਬਾਰ ਛੱਡ ਕੇ ਸੰਨਿਆਸ ਦਾ ਰਾਹ ਚੁਣਿਆ

ਗਿਰੀਡੀਹ, 14 ਨਵੰਬਰ (ਪੋਸਟ ਬਿਊਰੋ)- ਦਿੱਲੀ ਦੇ 27 ਸਾਲਾ ਅਵਿਰਲ ਕੋਲ ਆਈ ਆਈ ਟੀ ਡਿਗਰੀ ਹੈ ਅਤੇ ਉਹ ਬੇਂਗਲੁਰੂ ਵਿੱਚ ਮਲਟੀਨੈਸ਼ਨਲ ਕੰਪਨੀ ਗੋਲਡਮੈਨ ਸੈਚ ਵਿੱਚ 40 ਲੱਖ ਰੁਪਏ ਦੇ ਸਾਲਾਨਾ ਪੈਕੇਜ ਉੱਤੇ ਕੰਮ ਕਰਦੇ ਸਨ। ਕੁਝ ਦਿਨਾਂ ਪਹਿਲਾਂ ਜੈਨ ਮੁਨੀ ਪਿਸ਼ੂਧ ਸਾਗਰ ਮਹਾਰਾਜ ਅਤੇ ਹੋਰ ਮੁਨੀਆਂ ਨਾਲ ਇਨ੍ਹਾਂ ਦੀ ਮੁਲਾਕਾਤ ਹੋਈ। ਇਸ ਦੇ ਬਾਅਦ ਉਹ ਏਨਾ ਅਧਿਆਤਮਕ ਹੋ ਗਿਆਕਿ ਇੰਜੀਨੀਅਰ ਦੀ ਨੌਕਰੀ ਛੱਡ ਕੇ ਸੰਨਿਆਸੀ ਬਣ ਗਿਆ।

ਅਜਿਹੀ ਹੀ ਕਹਾਣੀ ਮੱਧ ਪ੍ਰਦੇਸ਼ ਦੇ ਪੰਨਾ ਜ਼ਿਲ੍ਹੇ ਦੇ ਬ੍ਰਜਪੁਰ ਦੇ ਹੀਰਾ ਵਪਾਰੀ 46 ਸਾਲ ਬ੍ਰੇਜੇਸ਼, ਮੱਧ ਪ੍ਰਦੇਸ਼ ਦੇ ਇੰਦੌਰ ਦੇ 19 ਸਾਲਾ ਸਵਾਤਮ, ਵੱਡੇ ਕਿਸਾਨ ਪਰਵਾਰ ਦੇ ਭੋਪਾਲ ਦੇ 36 ਸਾਲਾ ਸੰਜੇ ਅਤੇ ਮੱਧ ਪ੍ਰਦੇਸ਼ ਦੇ ਭਿੰਡ ਦੇ 25 ਸਾਲ ਨੌਜਵਾਨ ਅੰਕੁਸ਼ ਦੀ ਹੈ। ਇਹ ਸਾਰੇ ਪਾਰਸਨਾਥ ਦੇ ਸਮਮੇਦ ਕੈਂਪ ਵਿੱਚ ਦੀਕਸ਼ਾ ਗ੍ਰਹਿਣ ਕਰਕੇ ਸੰਨਿਆਸੀ ਜੀਵਨ ਧਾਰਨ ਕਰ ਰਹੇ ਹਨ। ਇਸ ਦੇ ਬਾਅਦ ਇਨ੍ਹਾਂ ਦੀ ਪਛਾਣ ਜੈਨ ਮੁਨੀ ਵਜੋਂ ਹੋਵੇਗੀ। ਅਵਿਰਲ ਨੇ ਦੱਸਿਆ ਕਿ ਵਿਸ਼ੁਧ ਸਾਗਰ ਨਾਲ ਮਿਲਣ ਪਿੱਛੋਂ ਤਹਿ ਕਰ ਲਿਆ ਸੀ ਕਿ ਈਸ਼ਵਰ ਭਗਤੀ ਅਤੇ ਪਰਮਾਰਥ ਵਿੱਚ ਜੀਵਨ ਨੂੰ ਲਾਉਣਾ ਹੈ ਅਤੇ ਸੰਨਿਆਸੀ ਜੀਵਨ ਧਾਰਨ ਕਰਕੇ ਮੁਕਤੀ ਦੇ ਰਸਤੇ ਉੱਤੇ ਵੱਧਣਾ ਹੈ।ਮੱਧ ਪ੍ਰਦੇਸ਼ ਦੇ ਬਾਲਚੰਦਰ ਜੈਨ ਦਾ ਹੀਰਿਆਂ ਦਾ ਕਾਰੋਬਾਰ ਹੈ। ਉਨ੍ਹਾਂ ਦਾ ਬੇਟਾ ਬ੍ਰਜੇਸ਼ ਵੀ ਸੰਨਿਆਸੀ ਬਣ ਰਿਹਾ ਹੈ। ਬ੍ਰਜੇਸ਼ ਕਹਿੰਦੇ ਹਨ ਕਿ ਉਨ੍ਹਾਂ ਨੂੰ ਲੱਗਦਾ ਸੀ ਕਿ ਉਹ ਸੀਮਿਤ ਜਿਹੇ ਕੰਮ ਵਿੱਚ ਸਿਮਟ ਗਏ ਹਨ। ਸੰਨਿਆਸ ਲੈ ਕੇ ਉਹ ਧਰਮ ਦੇ ਕੰਮ ਕਰਕੇ ਮੋਕਸ਼ ਹਾਸਲ ਕਰਨਾ ਚਾਹੁੰਦੇ ਹਨ। ਇੰਦੌਰ ਦੇ ਸਵਾਤਮ ਨੇ ਸਿਰਫ 16 ਸਾਲ ਦੀ ਉਮਰ ਵਿੱਚ ਭੌਤਿਕ ਸੁਖ ਛੱਡ ਕੇ ਮੁਕਤੀ ਦਾ ਮਾਰਗ ਚੁਣ ਲਿਆ ਹੈ, 22 ਸਾਲ ਦੇ ਅੰਕੁਸ਼ ਨੇ ਭਗਵਾਨ ਮਹਾਵੀਰ ਦੀ ਤਰ੍ਹਾਂ ਪਰਮਾਰਥ ਕਰਨ ਅਤੇ ਸੰਨਿਆਸ ਦਾ ਫੈਸਲਾ ਲੈ ਲਿਆ।

# ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?

BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ



ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST

- -Credit Card Debts
- -Personal Loans
- -Pay Day Loans
- -Student Loans

- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION





Other Realtors only Promise
But JAG AUJLA SOLD YOUR HOME WITH
GUARANTEE


Advertisement GUARANTEED Till SOLD

# JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **RE/MAX International **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ




ਕੈਨੇਡੀ / ਦੂੱਗਲ

ਬਰੈਂਡ ਨੀਉ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਂਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਈਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।




$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਊਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777




$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।




34 Winterfold Dr

CREDITVIEW & BOVAIRD
(MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777






FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017